# ਪਾਠ 9 ਗ਼ਦਰ ਲਹਿਰ

## ਪਾਠ ਦੀ ਰੂਪ ਰੇਖਾ


9.0 ਮਨੋਰਥ

9.1 ਭੂਮਿਕਾ

9.2 ਗ਼ਦਰ ਲਹਿਰ ਦਾ ਪਿਛੋਕੜ ਤੇ ਆਰੰਭ

9.3 ਲਹਿਰ ਦਾ ਪਸਾਰ

9.4 ਜਥੇਬੰਦੀ ਦੀ ਸਥਾਪਨਾ

9.5 ਜੱਥੇਬੰਦੀ ਦਾ ਚੜ੍ਹਾਅ

9.6 ਕਿੱਸਾ ਕੌਮਾ ਗਾਟਾ ਮਾਰੂ ਦਾ

9.7 ਗ਼ਦਰੀਆਂ ਦਾ ਦੇਸ਼ ਪਰਤਣਾ ਤੇ ਬਗਾਵਤ ਦੀ ਜੱਥੇਬੰਦੀ

9.8 ਸਾਰ

9.9 ਸਹਾਇਕ ਪੁਸਤਕਾਂ

9.10 ਅਭਿਆਸਾਂ ਦੇ ਉੱਤਰ


## 9.0 ਮਨੋਰਥ

ਇਸ ਪਾਠ ਦਾ ਮਨੋਰਥ ਤੁਹਾਨੂੰ 'ਗ਼ਦਰ ਲਹਿਰ' ਦੇ ਆਰੰਭ, ਪਸਾਰ ਤੇ ਸਮਾਪਤੀ ਦੀ ਜਾਣਕਾਰੀ ਦੇਣਾ ਹੈ।

ਇਸ ਪਾਠ ਤੋਂ ਤੁਹਾਨੂੰ ਪਤਾ ਲਗ ਸਕੇਗਾ ਕਿ ਭਾਰਤ ਦੀ ਅਜ਼ਾਦੀ ਦੇ ਸੰਘਰਸ਼ ਵਿਚ ਗ਼ਦਰੀ ਬਾਬਿਆਂ ਦੀ ਦੇਣ ਕਿੰਨੀ ਭਾਰੀ ਸੀ ਤੇ ਕਿਉਂਕਿ ਉਨ੍ਹਾਂ ਸੂਰਮਿਆਂ ਨੇ ਆਪਣੀਆਂ ਜਾਨਾਂ ਵਾਰਨ ਵਿਚ ਸੰਕੋਚ ਨਹੀਂ ਸੀ ਕੀਤਾ, ਇਸ ਲਈ ਉਹ ਅੱਜ ਦੇ ਨੌਜਵਾਨਾਂ ਲਈ ਚਾਨਣ-ਮੁਨਾਰਿਆਂ ਦਾ ਕੰਮ ਦੇ ਸਕਦੇ ਹਨ।

## 9.1 ਭੂਮਿਕਾ

ਭਾਰਤ ਦਾ ਇਤਿਹਾਸ ਭਾਰਤੀਆਂ ਦੀ ਦ੍ਰਿਸ਼ਟੀ ਤੋਂ ਬਹੁਤ ਘੱਟ ਲਿਖਿਆ ਗਿਆ ਹੈ। ਹਾਕਮ ਜਿਹੜਾ ਇਤਿਹਾਸ ਲਿਖਦੇ ਹਨ, ਉਸ ਵਿਚ ਉਹ ਹਰ ਵਿਅਕਤੀ ਤੇ ਘਟਨਾ ਨੂੰ ਆਪਣੇ ਦ੍ਰਿਸ਼ਟੀਕੋਣ ਤੋਂ ਵੇਖਦੇ ਹਨ। ਲੋਕ ਅਜ਼ਾਦੀ ਲਈ ਜੂਝਣ ਤਾਂ ਹਾਕਮ ਜੁਝਾਰਾਂ ਨੂੰ ਬਾਗ਼ੀ ਕਹਿ ਕੇ ਭੰਡਦੇ ਹਨ। ਗ਼ਦਰ ਲਹਿਰ ਇਸ ਅਮਲ ਦੀ ਇਕ ਸੁੰਦਰ ਮਿਸਾਲ ਹੈ। ਇਸ ਵਿਚ ਭਾਗ ਲੈਣ ਵਾਲੇ ਸਿਰਲੱਥ ਬਹਾਦਰਾਂ ਵਿੱਚੋਂ ਬਹੁਤੇ ਸੂਲੀਆਂ ਉੱਤੇ ਲਟਕਾਏ ਗਏ ਪਰ ਸਾਡੇ ਲਈ ਉਹ ਸਭ ਦੇਸ਼ ਦੇ ਸ਼ਹੀਦ ਸਨ। ਇਸ ਪਾਠ ਨੂੰ ਪੜ੍ਹ ਕੇ ਤੁਹਾਨੂੰ ਅਹਸਾਸ ਹੋਵੇਗਾ ਕਿ ਗ਼ਦਰੀ ਬਾਬੇ ਕਿੰਨੇ ਜਿਗਰੇ ਵਾਲੇ ਤੇ ਦੂਰ ਅੰਦੇਸ਼ ਦੇਸ਼ ਭਗਤ ਸਨ।

ਇਸ ਪਾਠ ਨੂੰ ਅੱਗੇ ਦਿੱਤੇ ਹਿੱਸਿਆਂ ਵਿਚ ਵੰਡ ਕੇ ਪੇਸ਼ ਕੀਤਾ ਗਿਆ ਹੈ।

ੳ) ਗ਼ਦਰ ਲਹਿਰ ਦਾ ਪਿਛੋਕੜ ਤੇ ਆਰੰਭ
ਅ) ਗ਼ਦਰ ਲਹਿਰ ਦਾ ਪਸਾਰ
ੲ) ਜੱਥੇਬੰਦੀ ਦੀ ਸਥਾਪਨਾ
ਸ) ਜੱਥੇਬੰਦੀ ਦਾ ਚੜ੍ਹਾ
ਹ) ਕਿੱਸਾ ਕੌਮਾ ਗਾਟਾ ਮਾਰੂ ਦਾ
ਕ) ਗ਼ਦਰੀਆਂ ਦੀ ਦੇਸ-ਵਾਪਸੀ, ਗ਼ਦਰ ਲਹਿਰ ਦਾ ਅੰਤ ਤੇ ਇਸ ਦੀ ਦੇਣ

## 9.2 ਗ਼ਦਰ ਲਹਿਰ ਦਾ ਪਿਛੋਕੜ ਤੇ ਅਰੰਭ

ਸਰ ਮਾਈਕਲ ਓਡਵਾਇਰ ਨੇ, ਜੋ ਜੱਲਿਆਂ ਵਾਲੇ ਬਾਗ਼ ਦੇ ਖ਼ੂਨੀ ਕਾਂਡ ਸਮੇਂ ਪੰਜਾਬ ਦਾ ਗਵਰਨਰ ਤੇ ਉਸ ਦਾ ਮੁੱਖ ਜ਼ਿੰਮੇਵਾਰ ਸੀ, ਆਪਣੀ ਪੁਸਤਕ "ਭਾਰਤ, ਜਿਵੇਂ ਕਿ ਮੈਂ ਉਸਨੂੰ ਜਾਣਾ ਸਾਂ" ਵਿਚ ਲਿਖਿਆ ਹੈ :

"ਗ਼ਦਰ ਲਹਿਰ ਹਿੰਦੁਸਤਾਨ ਵਿੱਚੋਂ ਅੰਗਰੇਜ਼ੀ ਰਾਜ ਨੂੰ ਉਲਟਾਉਣ ਦਾ ਸਭ ਤੋਂ ਖ਼ਤਰਨਾਕ ਜਤਨ ਸੀ।"

ਗ਼ਦਰ ਲਹਿਰ ਦਾ ਪਿਛੋਕੜ ਕੀ ਸੀ ?

"ਅੰਗਰੇਜ਼ੀ ਰਾਜ ਨੇ ਭਾਰਤ ਦੇ ਪਿੰਡਾਂ ਦੇ ਭਾਈਚਾਰੇ ਤੇ ਦੇਸੀ ਦਸਤਕਾਰੀ ਤੇ ਉਦਯੋਗ ਦਾ ਬੂਟਾ ਪੁੱਟ ਕੇ ਉਸ ਦਾ ਨਾਸ ਕਰ ਦਿੱਤਾ ਹੈ। ਇਹ ਰਾਜ ਭਾਰਤ ਲਈ ਤਬਾਹੀ ਤੇ ਬਰਬਾਦੀ ਦਾ ਹਰਕਾਰਾ ਸਾਬਤ ਹੋਇਆ ਹੈ। ਇਹ ਸ਼ਬਦ ਕਾਰਲ ਮਾਰਕਸ ਨੇ 1853 ਵਿਚ ਨਿਊਯਾਰਕ ਦੇ ਰੋਜ਼ਾਨਾ ਅਖ਼ਬਾਰ ਟ੍ਰਿਬਿਊਨ ਵਿਚ ਲਿਖੇ ਸਨ।

ਅੰਗਰੇਜ਼ਾਂ ਨੇ ਜੋ ਕੁੱਝ ਬਾਕੀ ਭਾਰਤ ਨਾਲ ਕੀਤਾ ਓਹੋ ਪੰਜਾਬ ਉੱਤੇ ਕਬਜ਼ੇ ਪਿੱਛੋਂ ਇਸ ਨਾਲ ਵੀ ਕੀਤਾ। ਪਿੰਡਾਂ ਦੀਆਂ ਜ਼ਮੀਨਾਂ ਦੀ ਸਾਂਝੀ ਮਾਲਕੀ ਕਾਇਮ ਕੀਤੀ। ਜ਼ਿਨਸ ਵਿਚ ਲੈਣ ਦੀ ਥਾਂ ਨਕਦ ਮਾਲੀਆ ਲੈਣਾ ਸ਼ੁਰੂ ਕਰ ਦਿੱਤਾ। ਕਿਸਾਨਾਂ ਦੀਆਂ ਫਸਲਾਂ ਦੇ ਭਾ ਡੇਗ ਦਿੱਤੇ। ਉਨ੍ਹਾਂ ਨੂੰ ਜ਼ਮੀਨਾਂ ਗਹਿਣੇ ਰੱਖਣੀਆਂ ਪਈਆਂ ਤੇ ਸ਼ਾਹੂਕਾਰਾਂ ਦੇ ਕਰਜ਼ਿਆਂ ਦੇ ਭਾਰ ਹੇਠ ਪਿਸਣ ਉੱਤੇ ਮਜ਼ਬੂਰ ਕਰ ਦਿੱਤਾ। ਖ਼ੁਦ ਭਾਰਤ ਵਾਇਸਰਾਏ ਕਰਜ਼ਨ ਨੇ 1904 ਵਿੱਚ ਕਲਕੱਤੇ ਵਿਚ ਅੰਗਰੇਜ਼ੀ ਵਪਾਰੀਆਂ ਦੇ ਸਲਾਨਾ ਜਲਸੇ ਵਿਚ ਕਿਹਾ ਸੀ, "ਰਾਜ-ਪ੍ਰਬੰਧ ਤੇ ਲੁੱਟ-ਖੋਹ ਆਪੋ-ਵਿੱਚੀ ਕੜੰਘੜੀਆਂ ਪਾ ਕੇ ਚੱਲ ਰਹੇ ਹਨ।"

ਇਸੇ ਦਾ ਨਤੀਜਾ ਸੀ ਕਿ 1881 ਵਿਚ ਦੇਸ਼ ਦੀ ਜੀਅ ਪ੍ਰਤੀ ਔਸਤ ਆਮਦਨ 27 ਰੁਪਏ ਤੋਂ ਘਟ ਤੇ 1899 ਵਿਚ 18 ਰੁਪਏ ਰਹਿ ਗਈ। ਇਸੇ ਦਾ ਇਕ ਹੋਰ ਨਤੀਜਾ ਸੀ ਕਿ ਪੰਜਾਬ ਦੇ ਕਿਸਾਨਾਂ ਦੀ ਭੌਂ ਜਿਸ ਨੂੰ ਗਹਿਣੇ ਪਾਉਣ ਦਾ ਰਿਵਾਜ ਸਿੱਖ ਰਾਜ ਵੇਲੇ ਬਹੁਤ ਘੱਟ ਸੀ, 1887 ਤੱਕ 7 ਫ਼ੀ ਸਦੀ ਗਹਿਣੇ ਪੈ ਚੁੱਕੀ ਸੀ।

ਸ਼ਾਹੂਕਾਰਾ ਲੁੱਟ, ਆਪਣੇ ਆਪ ਉਤੇ ਨਿਰਭਰ ਪੇਂਡੂ ਪ੍ਰਬੰਧ ਦੀ ਤਬਾਹੀ, ਬੇਰੋਜ਼ਗਾਰੀ ਤੇ ਭੁੱਖਮਰੀ ਨੇ ਪੰਜਾਬੀਆਂ ਨੂੰ ਨੌ ਰੁਪਏ ਮਹੀਨੇ ਦੀ ਨਗੂਣੀ ਰਕਮ ਉੱਤੇ ਅੰਗਰੇਜ਼ੀ ਫੌਜਾਂ ਵਿਚ ਭਰਤੀ ਹੋਣ ਅਤੇ ਬਰਮਾ, ਮਲਾਇਆ, ਸਿੰਘਾਪੁਰ, ਚੀਨ ਤੇ ਹੋਰਨਾਂ ਦੇਸ਼ਾਂ ਨੂੰ ਅੰਗਰੇਜ਼ਾਂ ਲਈ ਗੁਲਾਮ ਬਣਾਉਣ ਵਾਸਤੇ ਮਜਬੂਰ ਕਰ ਦਿੱਤਾ। ਇਨ੍ਹਾਂ ਫੌਜੀਆਂ ਵਿੱਚੋਂ ਕਈ ਆਪਣੀ ਨੌਕਰੀ ਪੂਰੀ ਕਰਨ ਪਿੱਛੋਂ, ਮਲਾਇਆ, ਸਿੰਘਾਪੁਰ, ਹਾਂਗਕਾਂਗ ਤੇ ਚੀਨ ਦੇ ਪੂਰਬੀ ਕੰਢਿਆਂ ਦੇ ਸ਼ਹਿਰਾਂ ਵਿਚ ਟਿਕ ਕੇ ਪੁਲਸ ਦੀ ਨੌਕਰੀ ਜਾਂ ਦਰਬਾਨੀ ਕਰਨ ਲਗ ਪਏ। ਇਹ ਲੋਕ ਪਿੱਛੋਂ ਰੁਜ਼ਗਾਰ ਦੀ ਭਾਲ ਵਿਚ ਕੈਨੇਡਾ, ਅਮਰੀਕਾ, ਲਾਤੀਨੀ ਅਮਰੀਕਾ ਫਿਲਪਾਈਨਜ਼ ਤੇ ਆਸਟਰੇਲੀਆ ਵਿਚ ਵੀ ਪਹੁੰਚ ਗਏ।

ਪਹਿਲੇ ਹਿੰਦੀ ਕੈਨੇਡਾ ਵਿਚ 1903-04 ਵਿਚ ਸ਼ਾਂਤ ਸਾਗਰ ਦੇ ਕੰਢੇ ਗਏ ਤੇ ਓਥੋਂ ਅਮਰੀਕਾ ਵੱਲ ਲੰਘ ਗਏ। ਪਹਿਲੇ ਸਾਲ ਗਿਣਤੀ ਸੌ ਤੋਂ ਵੀ ਘੱਟ ਸੀ, ਕੁੱਝ ਸਾਲਾਂ ਵਿਚ ਹੀ ਇਹ ਹਜ਼ਾਰਾਂ ਤੱਕ ਪਹੁੰਚ ਗਈ ਤੇ ਇਕ ਦਹਾਕੇ ਵਿਚ ਤੀਹ ਹਜ਼ਾਰ ਨੂੰ ਟੱਪ ਗਈ। ਉਨ੍ਹਾਂ ਨੇ ਖੇਤੀ ਤੇ ਮਜ਼ਦੂਰੀ ਦੇ ਕਿੱਤੇ ਅਪਨਾਏ। ਇਹ ਲੋਕ, ਲਗਪਗ ਸਾਰੇ ਪੰਜਾਬੀ ਸਨ।

ਪਹਿਲੇ ਕੁੱਝ ਸਾਲ ਤਾਂ ਚੰਗੇ ਰਹੇ, ਪਰ ਛੇਤੀ ਹੀ ਕੈਨੇਡਾ ਤੇ ਅਮਰੀਕਾ ਦੇ ਅਧਿਕਾਰੀਆਂ ਨੇ ਉਨ੍ਹਾਂ ਦੀ ਹੋਂਦ ਨੂੰ ਆਪਣੇ ਅਰਥਚਾਰੇ ਲਈ ਹਾਨੀਕਾਰਕ ਸਮਝ ਕੇ ਉਨ੍ਹਾਂ ਨਾਲ ਵਿਤਕਰੇ ਭਰਿਆ ਸਲੂਕ ਕਰਨਾ ਸ਼ੁਰੂ ਕਰ ਦਿੱਤਾ। ਇਸ ਵਿਤਕਰੇ ਨੇ ਹੀ ਹਿੰਦੀਆਂ ਵਿਚ ਰਾਜਸੀ ਸੂਝ ਲਿਆਂਦੀ। ਕੈਨੇਡਾ ਵਾਲਿਆਂ ਪਹਿਲੇ ਪਰਵਾਸੀਆਂ ਦੇ ਟੱਬਰਾਂ ਦੇ ਦਾਖ਼ਲੇ ਉੱਤੇ ਰੋਕ ਲਾ ਦਿੱਤੀ ਤੇ ਅਮਰੀਕਾ ਵਾਲਿਆਂ ਨੇ ਤਾਂ ਕਈ ਹੋਟਲਾਂ ਦੇ ਬਾਹਰ ਲਿਖ ਕੇ ਲਾ ਦਿੱਤਾ :

"ਕਾਲੇ ਤੇ ਕੁੱਤੇ ਨੂੰ ਅੰਦਰ ਆਉਣ ਦੀ ਮਨਾਹੀ ਹੈ।"

ਇਹ ਗੱਲ ਲਹਿਰ ਦੇ ਆਰੰਭ ਦਾ ਕਾਰਨ ਬਣੀ।

**ਪਹਿਲਾ ਅਭਿਆਸ**

**ਨੋਟ:** ਹੇਠ-ਦਿੱਤੇ ਸਵਾਲਾਂ ਦਾ ਸੰਖੇਪ ਉੱਤਰ ਦੇਣਾ ਹੈ। ਉੱਤਰ ਖ਼ਾਲੀ ਛੱਡੀ ਹੋਈ ਥਾਂ ਉੱਪਰ ਹੀ ਦੇਣਾ ਹੈ। ਜਵਾਬ ਅਖ਼ੀਰ ਵਿਚ ਵੀ ਦਿੱਤੇ ਹੋਏ ਹਨ ਪਰ ਤੁਸੀਂ ਜਵਾਬ ਲਿਖਣ ਤੋਂ ਪਹਿਲਾਂ ਉਸ ਨੂੰ ਵੇਖਣਾ ਨਹੀਂ।

ਕਿਸ ਤਰ੍ਹਾਂ ਦੇ ਹਾਲਾਤ ਸਨ, ਜਿਨ੍ਹਾਂ ਨੇ ਗ਼ਦਰ ਲਹਿਰ ਨੂੰ ਜਨਮ ਦਿੱਤਾ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

## 9.3 ਲਹਿਰ ਦਾ ਪਸਾਰ

ਕੈਨੇਡਾ ਵਿਚ ਕਨਜ਼ਰਵੇਟਿਵ ਪਾਰਟੀ ਦਾ ਰਾਜ ਸੀ। ਉਸ ਦੇ ਗੋਰੇ ਲੀਡਰਾਂ ਨੇ ਕਾਲੇ ਪੀਲੇ ਲੋਕਾਂ ਵੱਲੋਂ ਕੈਨੇਡਾ ਉੱਤੇ "ਹਮਲੇ" ਦੀ ਦੁਹਾਈ ਪਾ ਦਿੱਤੀ। ਉਨ੍ਹਾਂ ਕਿਹਾ ਕਿ ਜੇ ਭਾਰਤ, ਚੀਨ ਤੇ ਜਪਾਨ ਦੇ ਲੋਕਾਂ ਦੀ ਆਮਦ ਉੱਤੇ ਪਾਬੰਦੀ ਨਾ ਲਾਈ ਗਈ ਤਾਂ ਇਹ ਲੋਕ ਗੋਰੀ ਵੱਸੋਂ ਉੱਤੇ ਛਾ ਜਾਣਗੇ। ਪਹਿਲਾਂ ਤਾਂ ਬੇਕਨੂੰਨੇ ਢੰਗ ਨਾਲ ਭਾਰਤੀਆਂ ਦੇ ਪਰਿਵਾਰ ਤੇ ਰਿਸ਼ਤੇਦਾਰ ਮੋੜੇ ਗਏ, ਪਰ 1910 ਵਿੱਚ ਪ੍ਰੀਵੀ ਕੌਂਸਲ ਨੇ ਕਨੂੰਨ ਪਾਸ ਕਰ ਦਿੱਤਾ ਕਿ "ਦਾਖਲੇ ਦੀ ਦਰਖਾਸਤ ਉਸੇ ਪਰਵਾਸੀ ਦੀ ਮਨਜ਼ੂਰ ਕੀਤੀ ਜਾਏਗੀ ਜੋ ਆਪਣੇ ਦੇਸ਼ ਤੋਂ ਸਿੱਧਾ ਇੱਕੋ ਜਹਾਜ਼ ਵਿੱਚ ਸਫ਼ਰ ਕਰ ਕੇ ਪਹੁੰਚੇ ਤੇ ਜਿਸ ਕੋਲ ਦਾਖਲ ਹੋਣ ਸਮੇਂ ਦੋ ਸੌ ਡਾਲਰ ਹੋਣ।"

ਭਾਰਤੀਆਂ ਨੇ ਕੈਨੇਡਾ ਸਰਕਾਰ ਨੂੰ ਮੇਜਰਨਾਮੇ ਵੀ ਭੇਜੇ ਤੇ ਅਦਾਲਤਾਂ ਦੇ ਦਰਵਾਜ਼ੇ ਵੀ ਖੜਕਾਏ। ਉਨ੍ਹਾਂ ਅੰਗਰੇਜ਼ ਸਰਕਾਰ ਤੱਕ ਵੀ ਪਹੁੰਚ ਕੀਤੀ ਜਿਸ ਦੀਆਂ ਫ਼ੌਜਾਂ ਵਿਚ ਲੜ ਕੇ ਉਨ੍ਹਾਂ ਵੱਡੀ ਖਿਦਮਤ ਕੀਤੀ ਸੀ। ਪਰ ਉਸ ਨੇ ਵੀ ਬਾਂਹ ਨਾ ਫੜੀ। ਇਹੋ ਨਹੀਂ, ਕੈਨੇਡਾ ਸਰਕਾਰ ਨੇ 1908 ਵਿਚ ਬਦਨਾਮ ਪੁਲਸ ਅਫਸਰ ਹੌਪਕਿਨਸਨ ਦੇ ਜ਼ਿੰਮੇ ਇਹ ਕੰਮ ਲਾਇਆ ਕਿ ਉਹ ਭਾਰਤੀਆ ਨੂੰ ਜਿੱਦ ਕਰ ਕੇ ਕੈਨੇਡਾ ਛੱਡਣ ਉੱਤੇ ਮਜਬੂਰ ਕਰੇ।

ਇਸ ਰਵਈਏ ਤੋਂ ਤੰਗ ਆ ਕੇ ਕੈਨੇਡਾ ਛੱਡਣ ਉੱਤੇ ਮਜਬੂਰ ਕੁੱਝ ਭਾਰਤੀਆਂ ਨੇ 1901-10 ਵਿਚ ਅਮਰੀਕਾ ਵੱਲ ਮੂੰਹ ਕਰ ਲਿਆ ਜਿੱਥੇ ਸਾਨ ਫਰਾਂਸਿਸਕੋ ਵਿਚ ਰੇਲ ਵਿਛਾਈ ਜਾ ਰਹੀ ਸੀ ਤੇ ਮਜ਼ਦੂਰਾਂ ਦੀ ਥੋੜ ਸੀ। ਪਰ 1912 ਵਿਚ ਜਦੋਂ ਅਮਰੀਕਾ ਆਰਥਕ ਸੰਕਟ ਦੀ ਲਪੇਟ ਵਿਚ ਆ ਗਿਆ ਉਥੇ ਵੀ ਹਿੰਦੀਆਂ ਨੂੰ ਧੱਕੇ ਪੈਣ ਲਗ ਪਏ। ਜਦੋਂ ਇੱਕਾ-ਦੁੱਕਾ ਮਜ਼ਦੂਰਾਂ ਉੱਤੇ ਹਮਲੇ ਹੋਣ ਲੱਗੇ ਤਾਂ ਉਹ ਵੀਹ-ਵੀਹ, ਪੰਝੀ-ਪੰਝੀ ਦੀਆਂ ਟੋਲੀਆਂ ਬਣਾ ਕੇ ਰਹਿਣ ਲਗ ਪਏ। ਇਹਨਾਂ ਹਿੰਦੀਆਂ ਦੇ ਆਪਸੀ ਵਿਚਾਰ-ਵਟਾਂਦਰੇ ਦੇ ਕੇਂਦਰ ਸੈਂਟ ਜਾਹਨ ਵਿੱਚ ਬਾਬਾ ਜਵ੍ਹਾਲਾ ਸਿੰਘ ਦਾ ਫਾਰਮ ਬਣ ਗਿਆ। ਬਾਬਾ ਸੋਹਨ ਸਿੰਘ ਭਕਨਾ, ਪੰਡਤ ਕਾਂਸ਼ੀ ਰਾਮ ਮੜੌਲੀ ਤੇ ਹੋਰ ਹਿੰਦੀ ਨੇੜੇ ਦੀ ਇਕ ਆਰਾ ਮਿਲ ਵਿਚ ਨੌਕਰ ਸਨ। ਉਨ੍ਹਾਂ ਕੋਲ ਬਰਕਲੇ ਯੂਨੀਵਰਸਿਟੀ ਤੋਂ ਲਾਲਾ ਹਰਦਿਆਲ ਵੀ ਆਉਣ ਲਗ ਪਏ। ਸਟਾਕਟਨ ਦਾ ਗੁਰਦੁਆਰਾ ਇਨ੍ਹਾਂ ਹਿੰਦੀਆਂ ਦਾ ਇਕ ਹੋਰ ਅੱਡਾ ਸੀ।

ਕੈਨੇਡਾ ਦੇ ਹਿੰਦੀਆਂ ਦੇ ਆਗੂਆਂ ਭਾਈ ਬਲਵੰਤ ਸਿੰਘ ਤੇ ਭਾਈ ਭਾਗ ਸਿੰਘ ਦੇ ਸੱਦੇ ਉੱਤੇ ਬਾਬਾ ਜਵਾਲਾ ਸਿੰਘ ਤੇ ਬਾਬਾ ਨੰਦ ਸਿੰਘ ਕੈਨੇਡਾ ਗਏ। ਇਸੇ ਸਫਰ ਵਿਚ ਉਹ ਪਹਿਲੀ ਵਾਰ ਨੌਜਵਾਨ ਕਰਤਾਰ ਸਿੰਘ ਸਰਾਭਾ ਨੂੰ ਇਕ ਅਮਰੀਕੀ ਹੋਟਲ ਵਿਚ ਮਿਲੇ। ਕੈਨੇਡਾ ਦੇ ਹਿੰਦੀਆਂ ਦੀ ਸੂਝ ਤੇ ਜੱਥੇਬੰਦੀ ਤੋਂ ਵੀ ਉਹ ਚੰਗੇ ਪ੍ਰਭਾਵਿਤ ਹੋਏ। ਬਾਬਾ ਜਵਾਲਾ ਸਿੰਘ ਦੀ ਸਲਾਹ ਉੱਤੇ ਹੀ ਭਾਈ ਬਲਵੰਤ ਸਿੰਘ ਖੁਰਦਪੁਰ, ਨੰਦ ਸਿੰਘ ਤੇ ਨਰਾਇਣ ਸਿੰਘ ਦਾ ਇਕ ਡੈਪੂਟੇਸ਼ਨ ਇੰਗਲੈਂਡ ਭੇਜਿਆ ਗਿਆ। ਅੰਗਰੇਜ਼ੀ ਸਰਕਾਰ ਦੇ ਸਲੂਕ ਤੋਂ ਨਿਰਾਸ਼ ਹੋ ਕੇ ਇਹ ਡੈਪੂਟੇਸ਼ਨ ਭਾਰਤ ਵੀ ਗਿਆ। ਦੋਹੀਂ ਥਾਈਂ ਪ੍ਰੈਸ ਤੇ ਸਥਾਨਕ ਲੀਡਰਾਂ ਨੇ ਤਾਂ ਚੰਗਾ ਸਾਥ ਦਿੱਤਾ, ਪਰ ਹਾਸਲ ਕੁੱਝ ਨਾ ਹੋਇਆ।

## 9.4 ਜੱਥੇਬੰਦੀ ਦੀ ਸਥਾਪਨਾ

ਇਸ ਫੇਰੀ ਪਿੱਛੋਂ ਇਹ ਸੂਝ ਤਿੱਖੀ ਹੋਈ ਕਿ ਗੁਲਾਮ ਦੇਸ ਦੇ ਵਾਸੀਆਂ ਦੀ ਕੈਨੇਡਾ ਤੇ ਅਮਰੀਕਾ ਵਿਚ ਸਿੱਧੀ ਤਰ੍ਹਾਂ ਕਿਸੇ ਬਾਤ ਨਹੀਂ ਪੁੱਛਣੀ, ਸੋ ਅੰਗਰੇਜ਼ੀ ਰਾਜ ਨੂੰ ਉਲਟਾਉਣ ਤੇ ਇਨਕਲਾਬੀ ਲਹਿਰ ਨੂੰ ਜੱਥੇਬੰਦ ਕਰਨ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ। ਇਸ ਤਰ੍ਹਾਂ ਇਕ ਨਵਾਂ ਨਾਹਰਾ ਉੱਠਿਆ: 'ਸਭ ਕੁੱਝ ਭਾਰਤ ਦੀ ਬੰਦ-ਖਲਾਸ ਲਈ ਤੇ ਇਨਕਲਾਬ ਲਈ।'

ਕੈਨੇਡਾ ਵਿਚ ਤਾਂ ਹਰ ਥਾਂ ਹਿੰਦੀ ਐਸੋਸੀਏਸ਼ਨਾਂ ਬਣਨ ਲੱਗ ਪਈਆਂ। ਇਨਕਲਾਬੀ ਪਰਚੇ ਨਿਕਲਣ ਲਗ ਪਏ। 'ਸੰਸਾਰ' ਇਨ੍ਹਾਂ ਵਿਚੋਂ ਉੱਘਾ ਸੀ। ਭਾਈ ਭਗਵਾਨ ਸਿੰਘ ਨੂੰ ਜੋ ਪਹਿਲਾਂ ਹਾਂਗਕਾਂਗ ਦੇ ਗੁਰਦੁਆਰੇ ਦਾ ਗ੍ਰੰਥੀ ਹੁੰਦਾ ਸੀ, ਕੈਨੇਡਾ ਵਿੱਚੋਂ ਕੱਢ ਦਿੱਤਾ ਗਿਆ। ਹਰਨਾਮ ਸਿੰਘ ਕਾਹਰੀ-ਸਾਹਰੀ, ਭਾਗ ਸਿੰਘ ਭਿੱਖੀ ਵਿੰਡ, ਜਸਵੰਤ ਸਿੰਘ ਖੁਰਦਪੁਰੀ, ਸੋਹਣ ਲਾਲ ਪਾਠਕ, ਰਹੀਮ ਸੇਠ ਤੇ ਹੋਰਨਾ ਅਣਥੱਕ ਆਗੂਆਂ ਨੇ ਕਮਾਨ ਸਾਂਭ ਲਈ। ਪਰ ਕੈਨੇਡਾ ਅੰਗਰੇਜ਼ਾਂ ਦੇ ਮਾਤਹਿਤ ਸੀ, ਇਸ ਲਈ ਉਥੇ ਮੁਸ਼ਕਲਾਂ ਵਧੇਰੇ ਸਨ। ਸੋ ਸਰਗਰਮੀਆਂ ਦਾ ਕੇਂਦਰ ਅਮਰੀਕਾ ਵਿਚ ਬਦਲ ਦਿੱਤਾ ਗਿਆ, ਜਿੱਥੇ ਪਹਿਲਾਂ ਹੀ ਕਈ ਹਿੰਦੀ ਗਰੁੱਪ ਥਾਉਂ-ਥਾਈਂ ਇਨਕਲਾਬੀ ਕੰਮ ਕਰ ਰਹੇ ਸਨ।

ਮਹਿਸੂਸ ਇਹ ਕੀਤਾ ਗਿਆ ਕਿ ਇਹਨਾਂ ਦੀਆਂ ਸਰਗਰਮੀਆਂ ਦਾ ਬੱਝਵਾਂ ਪ੍ਰਭਾਵ ਨਹੀਂ ਪੈ ਰਿਹਾ ਅਤੇ ਪਾਲਸੀ ਤੇ ਐਕਸ਼ਨ ਨੂੰ ਕਾਰਗਰ ਬਣਾਉਣ ਲਈ ਇਕ ਗੱਠਵੀਂ ਜੱਥੇਬੰਦੀ ਖੜੀ ਕਰਨੀ ਪਏਗੀ।

ਇਸ ਉੱਤੇ ਆਸਟੋਰਿਆ (ਵਾਸ਼ਿੰਗਟਨ ਸਟੇਟ) ਦੀ ਇਕ ਆਰਾ ਮਿਲ ਵਿਚ ਭਾਈ ਕੇਸਰ ਸਿੰਘ ਠੱਠਗੜ੍ਹ, ਜ਼ਿਲਾ ਅੰਮ੍ਰਿਤਸਰ ਦੇ ਡੇਰੇ 21 ਅਪਰੈਲ, 1913 ਨੂੰ ਇਕ ਨੁਮਾਇੰਦਾ ਇਕੱਠ ਹੋਇਆ। ਇਸ ਵਿਚ 'ਗਦਰ ਪਾਰਟੀ' ਦੀ ਨੀਂਹ ਰੱਖੀ ਗਈ। ਇਸ ਦਾ ਪੂਰਾ ਨਾਂ 'ਹਿੰਦੁਸਤਾਨੀ ਵਰਕਰਜ਼ ਆਫ਼ ਪੈਸੇਫਿਕ ਕੋਸਟ' ਸੀ। ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਜਨਰਲ ਸਕੱਤਰ ਲਾਲਾ ਹਰਦਿਆਲ ਤੇ ਖਜਾਨਚੀ ਕਾਂਸ਼ੀ ਰਾਮ ਮੜੌਲੀ ਚੁਣੇ ਗਏ। ਮੀਤ ਪ੍ਰਧਾਨ ਬਾਬਾ ਕੇਸਰ ਸਿੰਘ ਤੇ ਜਾਇੰਟ ਸਕੱਤਰ ਲਾਲਾ ਠਾਕਰ ਦਾਸ ਧੂਰੀ ਸਨ। ਕਰਤਾਰ ਸਿੰਘ ਸਰਾਭਾ ਵੀ ਮੀਟਿੰਗ ਵਿਚ ਮੌਜੂਦ ਸਨ।

ਹੋਰ ਆਗੂ ਸਨ: ਮੌਲਵੀ ਬਰਕਤਉੱਲਾ, ਭਾਈ ਪਰਮਾਨੰਦ ਲਾਹੌਰ, ਰਹਿਮਤ ਅਲੀ ਵਜੀਦਕ, ਪਰਮਾਨੰਦ ਝਾਂਸੀ, ਵਿਸ਼ਣੂ ਗਣੇਸ਼ ਪਿੰਗਲੇ, ਵੈਨਕੂਵਰ ਦੇ ਗੁਰਦੁਆਰੇ ਦਾ ਗ੍ਰੰਥੀ ਬਲਵੰਤ ਸਿੰਘ ਖੁਰਦਪੁਰ, ਹਾਂਗਕਾਂਗ ਦੇ ਗੁਰਦੁਆਰੇ ਦਾ ਗ੍ਰੰਥੀ ਭਗਵਾਨ ਸਿੰਘ, ਪਟੀ ਦਾ ਸੋਹਣ ਸਿੰਘ, ਤੇ ਕੁੱਝ ਹੋਰ। ਇਹ ਸਾਰੀ ਪਾਰਟੀ ਇਕੋ ਵਿਚਾਰ ਨਾਲ ਓਤ-ਪੋਤ ਸੀ ਭਾਰਤ ਨੂੰ ਅਜ਼ਾਦ ਕਰਾਉਣਾ ਹੈ। ਰਤਾ ਪਾਰਟੀ ਦੇ ਕੌਮੀ ਏਕਤਾ ਤੇ ਇਕ-ਮੁੱਠਤਾ ਵਾਲੇ ਲੱਛਣ ਦਾ ਖਿਆਲ ਕਰੋ।

ਇਸ ਪਾਰਟੀ ਦੇ ਮੈਂਬਰਾਂ ਵਿੱਚੋਂ ਨੱਬੇ ਫ਼ੀਸਦੀ ਪੰਜਾਬੀ ਸਨ। ਉਨ੍ਹਾਂ ਪੰਜਾਬੀਆਂ ਵਿੱਚੋਂ ਨੱਬੇ ਫ਼ੀਸਦੀ ਸਿੱਖ ਸਨ। ਪਰ ਲੀਡਰਸ਼ਿਪ ਵਿਚ ਹਿੰਦੂ ਵੀ ਸਨ, ਮੁਸਲਮਾਨ ਵੀ ਤੇ ਸਿੱਖ ਵੀ। ਉਹ ਝਾਂਸੀ (ਉੱਤਰ ਪ੍ਰਦੇਸ਼) ਤੋਂ ਵੀ ਸਨ ਤੇ ਮਦਰਾਸ ਤੋਂ ਵੀ। ਉਹ ਪਟਿਆਲੇ ਦੀ ਦੇਸੀ ਰਿਆਸਤ ਤੋਂ ਵੀ ਤੇ ਬ੍ਰਿਟਿਸ਼ ਪੰਜਾਬ ਤੋਂ ਵੀ। ਪੰਜਾਬੀਆਂ ਤੋਂ ਛੁੱਟ ਬੰਗਾਲੀ ਵੀ ਸਨ ਤਾਮਿਲ ਵੀ, ਭੂਪਾਲੀ ਵੀ ਤੇ ਪਠਾਣ ਵੀ ਅਤੇ ਇਹ ਸਾਰੇ ਦੇ ਸਾਰੇ ਸਧਾਰਨ ਪੇਂਡੂ ਸਨ ਤੇ ਜਾਂ ਫੇਰ ਸਾਬਕਾ ਫੌਜੀ ਸਨ, ਜਿਹੜੇ ਰੁਪਈਆਂ ਖਾਤਰ ਪਰਦੇਸ ਗਏ ਸਨ ਤੇ ਜਿਨ੍ਹਾਂ ਨੂੰ ਦੇਸ ਭਗਤੀ ਦੀ ਜਾਗ ਪਰਦੇਸਾਂ ਵਿਚ ਹੋਈ ਬਦਸਲੂਕੀ ਤੇ ਨਿਰਾਦਰ ਤੋਂ ਲੱਗੀ।

ਪਾਰਟੀ ਦਾ ਚਿੰਨ੍ਹ ਕੀ ਸੀ ?
ਹਿੰਦੁਸਤਾਨ ਦੇ ਨਕਸ਼ੇ ਉੱਤੇ ਨੰਗੀ ਤਲਵਾਰ ਸੂਤ ਕੇ ਖੜੀ ਹੋਈ ਭਾਰਤ ਮਾਤਾ

ਉਸ ਦਾ ਨਾਹਰਾ ਕੀ ਸੀ ?
"ਬੰਦੇ ਮਾਤਰਮ।"

ਉਸ ਦਾ ਝੰਡਾ ਕੀ ਸੀ ?
ਤਿਰੰਗਾ, ਪਰ ਅੱਜ ਦਾ ਕਾਂਗਰਸ ਵਾਲਾ ਨਹੀਂ।

ਲਾਲ, ਪੀਲਾ ਤੇ ਨੀਲਾ, ਜਿਸ ਵਿਚ ਦੋ ਨੰਗੀਆਂ ਤਲਵਾਰਾਂ ਇਕ ਦੂਜੀ ਨਾਲ ਖੜਕਦੀਆਂ ਖਲੋਤੀਆਂ ਸਨ ਤੇ ਜਿਹੜਾ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਦੀ ਏਕਤਾ ਦਾ ਪ੍ਰਤੀਕ ਸੀ।

ਪਾਰਟੀ ਦਾ ਉਦੇਸ਼ ਕੀ ਸੀ ?
"ਬ੍ਰਿਟਿਸ਼ ਰਾਜ ਦੇ ਖਿਲਾਫ ਜੰਗ।"

ਉਸ ਨੇ ਆਪਣੇ ਉਦੇਸ਼ ਪੱਤਰ ਵਿਚ ਲਿਖਿਆ :
"ਸਾਡਾ ਨਾਮ ਕੀ ਹੈ ? ਗਦਰ!
ਸਾਡਾ ਕੰਮ ਕੀ ਹੈ ? ਗਦਰ!
ਗਦਰ ਕਿੱਥੋਂ ਫੁੱਟ ਨਿਕਲੇਗਾ ?
ਹਿੰਦੁਸਤਾਨ ਵਿੱਚੋਂ।
ਉਹ ਵਕਤ ਛੇਤੀ ਹੀ ਆਏਗਾ ਜਦੋਂ ਕਲਮ ਤੇ ਸਿਆਹੀ ਦੀ ਥਾਂ ਖੂਨ ਤੇ ਰਫਲਾਂ ਲੈਣਗੀਆਂ।"

1857 ਦੇ ਗ਼ਦਰ ਨੂੰ ਆਪਣਾ ਪ੍ਰੇਰਣਾ ਸਰੋਤ ਪਰਵਾਨ ਕਰਦੇ ਹੋਏ ਉਹਨਾਂ ਆਪਣਾ ਨਿਸ਼ਾਨਾ ਮਿੱਥਿਆ :
"ਹਥਿਆਰਬੰਦ ਇਨਕਲਾਬ ਨਾਲ ਅੰਗਰੇਜ਼ੀ ਗੁਲਾਮੀ ਤੋਂ ਹਿੰਦੁਸਤਾਨ ਨੂੰ ਛੁਡਾਉਣਾ ਅਤੇ ਅਜ਼ਾਦੀ ਤੇ ਬਰਾਬਰੀ ਦੇ ਅਧਾਰ ਉੱਤੇ ਕੌਮੀ ਜਮਹੂਰੀਅਤ ਕਾਇਮ ਕਰਨਾ।"

**ਦੂਜਾ ਅਭਿਆਸ**

**ਨੋਟ:** ਹੇਠ ਦਿੱਤੇ ਸਵਾਲ ਦਾ ਸੰਖੇਪ ਉੱਤਰ ਦਿਓ। ਜਵਾਬ ਖਾਲੀ ਛੱਡੀ ਹੋਈ ਥਾਂ ਉੱਤੇ ਹੀ ਦੇਣਾ ਹੈ। ਜਵਾਬ ਅਖ਼ੀਰ ਵਿਚ ਵੀ ਦਿੱਤਾ ਹੋਇਆ ਹੈ ਪਰ ਤੁਸੀਂ ਜਵਾਬ ਲਿਖਣ ਤੋਂ ਪਹਿਲਾਂ ਉਸ ਨੂੰ ਨਹੀ ਵੇਖਣਾ।

1 ਗ਼ੱਦਰ ਲਹਿਰ ਦੇ ਅਰੰਭਿਕ ਸਾਲਾਂ ਦੀ ਕਹਾਣੀ ਆਪਣੇ ਸ਼ਬਦਾਂ ਵਿਚ ਬਿਆਨ ਕਰੋ।

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

## 9.5 ਜੱਥੇਬੰਦੀ ਦਾ ਚੜ੍ਹਾਅ

ਪਾਰਟੀ ਬਾਕਾਇਦਾ ਕਾਇਮ ਹੋਈ 21 ਅਪਰੈਲ, 1913 ਨੂੰ। ਉਸ ਨੇ ਆਪਣਾ ਅਖ਼ਬਾਰ ਕੱਢਿਆ 11 ਨਵੰਬਰ 1913 ਨੂੰ। ਪਹਿਲਾਂ ਉਰਦੂ ਵਿਚ। ਦਸ ਦਿਨ ਬਾਅਦ ਪੰਜਾਬੀ ਵਿਚ। ਕੁੱਝ ਹਫ਼ਤਿਆਂ ਪਿੱਛੋਂ ਹੀ ਗੁਜਰਾਤੀ ਤੇ ਫੇਰ ਨੇਪਾਲੀ, ਬੰਗਾਲੀ ਤੇ ਪਸ਼ਤੋ ਵਿਚ।

ਮੁੱਖ ਸੰਪਾਦਕ ਸਨ ਲਾਲਾ ਹਰਦਿਆਲ, ਜੋ ਉਰਦੂ ਵਿਚ ਲਿਖਦੇ ਸਨ। ਪੰਜਾਬੀ ਜਾਮਾ ਪੁਆਉਂਦਾ ਕਰਤਾਰ ਸਿੰਘ ਸਰਾਭਾ। ਹਿੰਦੀ ਰੂਪ ਦੇਂਦੇ ਰਘੁਬਰ ਦਿਆਲ ਜੀ। ਗੁਜਰਾਤੀ ਉਤਾਰਾ ਤਿਆਰ ਕਰਦੇ ਖੇਮ ਚੰਦ ਜੀ।

ਗ਼ਦਰ ਅਖ਼ਬਾਰ ਦਾ ਸਿਰਵਰਕ ਕਿਹੋ ਜਿਹਾ ਸੀ ?

ਸਭ ਤੋਂ ਉੱਪਰ : ''ਬੰਦੇ ਮਾਤਰਮ''
ਉਸ ਤੋਂ ਹੇਠਾਂ :
''ਜੇ ਤਉ ਪ੍ਰੇਮ ਖੇਲਣ ਕਾ ਚਾਓ।''
ਤੇ ਉਸ ਤੋਂ ਹੇਠਾਂ :
''ਅੰਗਰੇਜ਼ੀ ਰਾਜ ਦਾ ਦੁਸ਼ਮਨ ਅਖ਼ਬਾਰ''
ਤੇ ਅੱਗੇ :
**''ਗ਼ਦਰ''**

ਪਰਚਾ ਭਾਵੇਂ ਮੁਫ਼ਤ ਵੰਡਿਆ ਜਾਂਦਾ ਸੀ, ਪਰ ਫੰਡਾਂ ਦੀ ਕਦੇ ਘਾਟ ਨਾ ਆਈ। ਕੁੱਝ ਮਹੀਨਿਆਂ ਵਿਚ ਹੀ ਇਹ ਦਸ ਲੱਖ ਦੀ ਗਿਣਤੀ ਨੂੰ ਜਾ ਪਹੁੰਚਾ। ਕੰਮ ਦਾ ਸਾਰਾ ਭਾਰ ਕਰਤਾਰ ਸਿੰਘ ਸਰਾਭਾ ਤੇ ਹਰਨਾਮ ਸਿੰਘ ਟੁੰਡੀ ਲਾਟ ਦੇ ਸਿਰ ਸੀ। ਫੇਰ ਸੋਹਨ ਲਾਲ ਪਾਠਕ ਨੂੰ ਕੈਨੇਡਾ ਤੋਂ ਸਦਿਆ ਗਿਆ ਤੇ ਪ੍ਰਿਥਵੀ ਸਿੰਘ ਲਾਲੜੂ, ਪੰਡਿਤ ਜਗਤ ਰਾਮ, ਮੁਨਸ਼ਾ ਸਿੰਘ ਦੁਖੀ, ਹਰੀ ਸਿੰਘ ਉਸਮਾਨ (ਜੋ ਸਾਰੇ ਪਿੱਛੋਂ ਨਾਮਵਰ ਇਨਕਲਾਬੀ ਹੋ ਉੱਭਰੇ) ਇਸੇ ਕੰਮ ਵਿਚ ਲਾ ਦਿੱਤੇ ਗਏ।

ਵੀਰ ਸਾਵਰਕਰ ਦਾ ਲਿਖਿਆ 1857 ਦੇ ਗਦਰ ਦਾ ਇਤਿਹਾਸ। ਭਾਈ ਪਰਮਾਨੰਦ ਦਾ ਲਿਖਿਆ ਭਾਰਤ ਦਾ ਇਤਿਹਾਸ ਅੰਗਰੇਜ਼ਾਂ ਹੱਥੋਂ ਭਾਰਤ ਦੀ ਲੁੱਟ ਦੇ ਅੰਕੜੇ, 1905 ਦੇ ਰੂਸ ਦੇ ਇਨਕਲਾਬ, ਫਰਾਂਸ ਦੇ ਇਨਕਲਾਬ ਤੇ ਆਇਰਲੈਂਡ ਦੇ ਇਨਕਲਾਬ ਦੇ ਬਿਰਤਾਂਤ ਅਤੇ ਇਨਕਲਾਬੀ ਕਵਿਤਾਵਾਂ ਇਸ ਪਰਚੇ ਵਿਚ ਛਪਦੀਆਂ ਰਹੀਆ। ਇਹੋ ਕਵਿਤਾਵਾਂ ਮੁੜ 'ਗਦਰ ਦੀ ਗੂੰਜ' ਨਾਮੀ ਪੁਸਤਕ-ਲੜੀਆਂ ਵਿਚ ਛਾਪੀਆਂ ਗਈਆਂ ਤੇ ਕਈ ਇਨਕਲਾਬੀ ਇਨ੍ਹਾਂ ਨੂੰ ਪੜ੍ਹਦੇ ਹੋਏ ਫਾਂਸੀ ਦੇ ਤਖਤੇ ਉੱਤੇ ਚੜ੍ਹੇ।

ਇਹ ਪਰਚਾ ਮਲਾਇਆ, ਹਾਂਗਕਾਂਗ, ਸਿੰਘਾਪੁਰ, ਸ਼ੰਘਾਈ, ਸਿਆਮ, ਪਨਾਮਾ, ਅਰਜਨਟੀਨਾ, ਸਾਊਥ ਅਫਰੀਕਾ ਫਿਲੇਪਾਈਨਜ਼ ਤੇ ਭਾਰਤ ਨੂੰ ਬੜੀ ਔਖ ਝਾਗ ਕੇ ਪਹੁੰਚਾਇਆ ਜਾਂਦਾ ਸੀ। ਗ਼ਦਰ ਪਾਰਟੀ ਦਾ ਕੇਂਦਰੀ ਦਫ਼ਤਰ ਸਾਨਫਰਾਂਸਿਸਕੋ ਦਾ ''ਯੁਗਾਂਤਰ ਆਸ਼ਰਮ'' ਦੇਸ਼ ਭਗਤੀ ਦੀ ਰੰਗਣ ਵਿਚ ਰੰਗੇ ਹੋਏ ਇਨਕਲਾਬੀਆਂ ਦਾ ਕੇਂਦਰ ਬਣ ਗਿਆ। ਉਹ ਹਰ ਮਜ਼ਹਬ ਦੇ ਲੋਕ ਸਨ, ਪਰ ਆਪਣੀ ਸੋਚਣੀ ਤੇ ਵੇਖਣੀ ਵਿਚ ਨਿਰੋਲ ਹਿੰਦੁਸਤਾਨੀ ਸਨ। ਉਹ ਇਕ ਦੂਜੇ ਨੂੰ ਸਦਾ 'ਬੰਦੇ ਮਾਤਰਮ' ਆਖ ਕੇ ਬੁਲਾਉਂਦੇ ਤੇ ਦੋ ਡਾਲਰ ਮਹੀਨੇ ਦੇ ਅਲੌਂਸ ਉੱਤੇ ਕੰਮ ਕਰਦੇ ਸਨ।

ਅਮਰੀਕਾ ਤੇ ਕੈਨੇਡਾ ਤੋਂ ਤੁਰ ਕੇ ਗ਼ਦਰੀ ਸਾਰੇ ਪੂਰਬੀ ਏਸ਼ੀਆਈ ਦੇਸ਼ਾਂ ਵਿਚ ਹੀ ਨਹੀਂ, ਅਫ਼ਗਾਨਿਸਤਾਨ, ਤੁਰਕੀ ਤੇ ਈਰਾਨ ਤਕ ਫੈਲ ਗਏ।

**ਤੀਜਾ ਅਭਿਆਸ**

ਨੋਟ: ਹੇਠ ਦਿੱਤੇ ਸਵਾਲ ਦਾ ਸੰਖੇਪ ਉੱਤਰ ਦਿਓ। ਉੱਤਰ ਖਾਲੀ ਛੱਡੀ ਥਾਂ ਉੱਤੇ ਹੀ ਦੇਣਾ ਹੈ। ਜਵਾਬ ਅਖੀਰ ਵਿਚ ਵੀ ਦਿੱਤਾ ਹੋਇਆ ਹੈ ਪਰ ਤੁਸੀਂ ਜਵਾਬ ਲਿਖਣ ਤੋਂ ਪਹਿਲਾਂ ਉਸ ਨੂੰ ਨਹੀਂ ਵੇਖਣਾ।

1 'ਗ਼ਦਰ' ਅਖ਼ਬਾਰ ਬਾਰੇ ਤੁਸੀਂ ਕੀ ਜਾਣਦੇ ਹੋ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . .

## 9.6 ਕਿੱਸਾ ਕੋਮਾ ਗਾਟਾ ਮਾਰੂ ਦਾ

ਕੈਨੇਡਾ ਸਰਕਾਰ ਵਲੋਂ ਸਿੱਧੇ ਇੱਕੋ ਜਹਾਜ਼ ਵਿਚ ਨਾ ਆਉਣ ਵਾਲਿਆਂ ਉੱਤੇ ਲੱਗੀ ਪਾਬੰਦੀ ਨੂੰ ਪਾਰ ਕਰਨ ਦਾ ਰਾਹ ਇਕ ਸਿਆਣੇ ਪੰਜਾਬੀ ਵਪਾਰੀ ਸਰਦਾਰ ਗੁਰਦਿੱਤ ਸਿੰਘ ਸਰਹਾਲੀ ਨੇ ਕੱਢ ਲਿਆ। ਉਸ ਨੇ ਜਪਾਨੀਆਂ ਕੋਲੋਂ ਸਮੁੰਦਰੀ ਜਹਾਜ਼ ਕੋਮਾਗਾਟਾ ਮਾਰੂ ਪਟੇ ਉੱਤੇ ਲੈ ਲਿਆ ਅਤੇ 376 ਮੁਸਾਫਰਾਂ ਨੂੰ, ਜਿਨ੍ਹਾਂ ਵਿਚੋਂ ਕੁੱਝ ਇਕ ਨੂੰ ਛੱਡ ਕੇ ਸਾਰੇ ਪੰਜਾਬੀ ਸਨ, ਕੈਨੇਡਾ ਪੁਚਾਉਣ ਦਾ ਜ਼ਿੰਮਾ ਲੈ ਲਿਆ। ਜਹਾਜ਼ 4 ਅਪਰੈਲ, 1914 ਨੂੰ ਕਈ ਰੁਕਾਵਟਾਂ ਪਾਰ ਕਰ ਕੇ ਕੈਨੇਡਾ ਲਈ ਤੁਰ ਪਿਆ।

ਪਰ ਜਦੋਂ ਇਹ ਵੈਨਕੂਵਰ ਦੇ ਪਾਣੀਆਂ ਵਿਚ ਪਹੁੰਚਿਆ, ਉਸ ਨੂੰ ਬੰਦਰਗਾਹ ਤੋਂ ਦੂਰ ਹੀ ਖਲਿਹਾਰ ਲਿਆ ਗਿਆ ਮੁਸਾਫਰਾਂ ਨੂੰ ਉਤਰਨ ਦੀ ਆਗਿਆ ਨਾ ਦਿੱਤੀ ਗਈ। 26 ਮਈ ਤੋਂ ਲੈ ਕੇ 24 ਜੁਲਾਈ ਤੱਕ ਜਹਾਜ਼ ਓਥੇ ਹੀ ਰੁਕਿਆ ਰਿਹਾ। ਸਭ ਕਾਨੂੰਨੀ ਚਾਰਾਜੋਈਆਂ ਵੀ ਨਿਰਾਰਥਕ ਸਿੱਧ ਹੋਈਆਂ ਅਤੇ ਵੈਨਕੂਵਰ ਦੇ ਭਾਰਤੀਆਂ ਵੱਲੋਂ ਜਹਾਜ਼ ਦੇ ਮੁਸਾਫਰਾਂ ਨੂੰ ਉਤਾਰਨ ਦੇ ਹੋਰ ਜਤਨ ਵੀ ਹੋਏ ਪਰ ਜਦੋਂ ਰਾਸ਼ਨ ਪਾਣੀ ਮੁੱਕ ਗਿਆ ਤਾਂ ਉਹ ਲੋਕ ਕੈਨੇਡੀਅਨ ਪੁਲਸ ਦਾ ਘੇਰਾ ਤੋੜ ਕੇ ਵੀ ਮੁਸਾਫਰਾਂ ਨੂੰ ਰਸਦ ਪੁਚਾਉਣ ਵਿਚ ਸਫਲ ਹੋ ਗਏ।

ਮੁਸਾਫਰਾਂ ਨੇ ਜਦੋਂ ਕੈਨੇਡਾ ਵੱਲ ਮੂੰਹ ਕੀਤਾ ਸੀ ਤਾਂ ਸਿਰਫ਼, ਕਮਾਈ ਦੀ ਖਾਤਰ ਓਥੇ ਪਹੁੰਚਣਾ ਚਾਹੁੰਦੇ ਸਨ ਤੇ ਸਿਆਸੀ ਸੂਝ ਬੂਝ ਤੋਂ ਸੱਖਣੇ ਸਨ। ਪਰ ਗ਼ਦਰ ਪਾਰਟੀ ਦੇ ਮੈਂਬਰਾਂ ਨੇ ਜਾਂਦੀ ਵਾਰ ਵੀ ਉਨ੍ਹਾਂ ਨਾਲ ਸੰਪਰਕ ਪੈਦਾ

ਕੀਤਾ ਤੇ ਵੈਨਕੂਵਰ ਦੇ ਪਾਣੀਆਂ ਵਿਚ ਵੀ ਨਾਤਾ ਜੋੜਿਆ। ਵੈਨਕੂਵਰ ਦੇ ਹਿੰਦੀ ਸਾਰੇ ਦੇ ਸਾਰੇ ਉਨ੍ਹਾਂ ਦੀ ਮਦਦ ਲਈ ਲਾਮਬੰਦ ਹੋ ਗਏ ਤੇ ਕੈਨੇਡਾ ਦੇ ਅਧਿਕਾਰੀਆਂ ਨਾਲ ਮੁਸਾਫਰਾਂ ਦੀਆਂ ਟੱਕਰਾਂ ਸਮੇਂ ਉਨ੍ਹਾਂ ਦੇ ਅੰਗ-ਸੰਗ ਖਲੋਤੇ।

ਕੈਨੇਡੀਅਨ ਸਰਕਾਰ ਦੀ ਧੱਕਾਸ਼ਾਹੀ ਕਾਰਨ ਮੁਸਾਫਰਾਂ ਨੂੰ ਕੈਨੇਡਾ ਦੀ ਧਰਤੀ ਉੱਤੇ ਪੈਰ ਰੱਖੇ ਬਿਨਾਂ ਮੁੜਨਾ ਪਿਆ, ਪਰ ਵਾਪਸੀ ਦੇ ਸਫ਼ਰ ਸਮੇਂ ਉਨ੍ਹਾਂ ਦੀ ਸਿਆਸੀ ਸੂਝ ਪ੍ਰਚੰਡ ਹੋ ਚੁੱਕੀ ਸੀ। ਰਸਤੇ ਵਿਚ ਬਾਬਾ ਸੋਹਣ ਸਿੰਘ ਭਕਨਾ ਵੱਲੋਂ ਯੋਕੋਹਾਮਾ ਵਿਚ ਉਨ੍ਹਾਂ ਨਾਲ ਖੁਫੀਆ ਸੰਪਰਕ ਨੇ ਸੋਨੇ ਉੱਤੇ ਸੁਹਾਗੇ ਦਾ ਕੰਮ ਕੀਤਾ। ਕਲਕੱਤੇ ਪਹੁੰਚਣ ਉੱਤੇ ਬਜਬਜ ਦੇ ਘਾਟ ਉੱਤੇ 29 ਸਤੰਬਰ ਨੂੰ ਮੁਸਾਫਰਾਂ ਦਾ ਗੋਲੀਆਂ ਨਾਲ ਸਵਾਗਤ ਕੀਤਾ ਗਿਆ। ਜਿਹੜੇ ਮਾਰੇ ਗਏ ਉਨ੍ਹਾਂ ਦੀ ਗਿਣਤੀ 18 ਤੋਂ 26 ਦੇ ਵਿਚਕਾਰ ਦੱਸੀ ਜਾਂਦੀ ਹੈ ਤੇ ਜ਼ਖਮੀ ਹੋਣ ਵਾਲਿਆਂ ਦੀ 25 ਤੋਂ 35 ਵਿਚਕਾਰ। ਬਾਬਾ ਗੁਰਦਿੱਤ ਸਿੰਘ ਸਮੇਤ 29 ਲੋਪ ਹੋ ਗਏ ਤੇ 201 ਫੜੇ ਗਏ।

ਪਰ ਜਹਾਜ਼ ਦੇ ਵੈਨਕੂਵਰ ਦੇ ਪਾਣੀਆਂ ਵਿਚ ਠਹਿਰਨ ਸਮੇਂ ਅਧਿਕਾਰੀਆਂ ਨਾਲ ਜੋ ਟੱਕਰਾਂ ਹੋਈਆਂ, ਪਰਦੇਸੀ ਹਿੰਦੀਆਂ ਵਿਚ ਜੋ ਉਭਾਰ ਪੈਦਾ ਹੋਇਆ ਅਤੇ ਬਜਬਜ ਦੇ ਗੋਲੀਕਾਂਡ ਪਿਛੋਂ ਸਾਰੇ ਭਾਰਤ ਵਿਚ ਜੋ ਰੋਸ ਦੀ ਲਹਿਰ ਉੱਠੀ, ਉਸ ਨੇ ਸਿਆਸੀ ਜਾਗ੍ਰਿਤੀ ਦੂਰ-ਦੂਰ ਤੱਕ ਫੈਲਾ ਦਿੱਤੀ। ਕੋਮਾ ਗਾਟਾ ਮਾਰੂ ਦਾ ਦੁਖਾਂਤ ਅਜ਼ਾਦੀ ਦੇ ਸੰਗਰਾਮ ਦਾ ਇੱਕ ਅਹਿਮ ਮੀਲ-ਪੱਥਰ ਹੋ ਨਿੱਬੜਿਆ।

**ਚੈਕ ਅਭਿਆਸ**

**ਨੋਟ:** ਹੇਠ ਦਿੱਤੇ ਸਵਾਲ ਦਾ ਸੰਖੇਪ ਉੱਤਰ ਦਿਓ। ਜਵਾਬ ਖ਼ਾਲੀ ਛੱਡੀ ਹੋਈ ਥਾਂ ਤੇ ਹੀ ਦੇਣਾ ਹੈ। ਜਵਾਬ ਅਖ਼ੀਰ ਵਿਚ ਵੀ ਦਿੱਤਾ ਹੋਇਆ ਹੈ ਪਰ ਤੁਸੀਂ ਜਵਾਬ ਲਿਖਣ ਤੋਂ ਪਹਿਲਾਂ ਉਸ ਨੂੰ ਨਹੀਂ ਵੇਖਣਾ ਹੈ।

1 'ਕੋਮਾ ਗਾਟਾ ਮਾਰੂ'ਨਾਂ ਦੇ ਜਹਾਜ਼ ਬਾਰੇ ਤੁਸੀਂ ਕੀ ਜਾਣਦੇ ਹੋ?

........................................................................

........................................................................

........................................................................

........................................................................

........................................................................

........................................................................

## 9.7 ਗ਼ਦਰੀਆਂ ਦਾ ਦੇਸ਼ ਪਰਤਣਾ ਤੇ ਬਗਾਵਤ ਦੀ ਜੱਥੇਬੰਦੀ

ਜਰਮਨੀ ਨੇ 25 ਜੁਲਾਈ 1914 ਨੂੰ ਸਰਬੀਆਂ ਉੱਤੇ ਹਮਲਾ ਕੀਤਾ। ਅੰਗਰੇਜ਼ ਤੇ ਰੂਸੀ ਹਕੂਮਤਾਂ ਭਾਵੇਂ 4 ਅਗਸਤ ਨੂੰ ਜੰਗ ਵਿਚ ਕੁੱਦੀਆਂ, ਪਰ ਗਦਰੀਆਂ ਨੇ 26 ਜੁਲਾਈ ਨੂੰ ਹੀ ਇਕ ਜਲਸੇ ਵਿਚ ਐਲਾਨ ਕਰ ਦਿੱਤਾ ਕਿ :

"ਯੋਰਪ ਵਿਚ ਜੰਗ ਛਿੜ ਪਈ ਹੈ। ਬਰਤਾਨੀਆਂ ਨੂੰ ਹਿੰਦ ਵਿੱਚੋਂ ਕੱਢ ਦੇਈਏ। ਦੇਸ਼ ਜਾ ਕੇ ਫੌਜਾਂ ਨੂੰ ਵਿਗਾੜਨ, ਨਾਲ ਲੈਣ ਤੇ ਗ਼ਦਰ ਮਚਾਉਣ ਦਾ ਵਧੀਆ ਵੇਲਾ ਹੱਥ ਆ ਗਿਆ ਹੈ।"

ਬਾਕਾਇਦਾ ਜੰਗ ਛਿੜਦਿਆਂ ਹੀ ਸਾਰੇ ਗ਼ਦਰੀ ਲੀਡਰ ਆਸ਼ਰਮ, ਸਾਨਫਰਾਂਸਿਸਕੋ ਪਹੁੰਚ ਗਏ। ਚਾਰ ਪੰਜ ਦਿਨ ਵਿਚਾਰ ਕਰਨ ਪਿੱਛੋਂ ਫੈਸਲਾ ਹੋਇਆ ਕਿ"ਕਰੋ ਜਾਂ ਮਰੋ" ਦਾ ਵੇਲਾ ਆ ਪਹੁੰਚਿਆ ਹੈ। ਜੰਗ ਵਿਚ ਫਸੇ ਦੁਸ਼ਮਨ ਉੱਤੇ ਚੋਟ ਮਾਰੀ ਜਾਵੇ। 8 ਅਗਸਤ ਦੇ 'ਗਦਰ' ਅਖਬਾਰ ਵਿਚ "ਐਲਾਨਿ ਜੰਗ" ਛਾਪ ਦਿੱਤਾ ਗਿਆ।

"ਦੇਸ ਜਾ ਕੇ ਫੌਜਾਂ ਵਿਚ ਵੜ ਜਾਓ, ਪਿੰਡਾਂ ਵਿਚ ਘੁੰਮ ਕੇ ਲੋਕਾਂ ਨੂੰ ਨਾਲ ਲਓ, ਜੋ ਕਰਨਾ ਹੈ ਦੇਸ ਜਾ ਕੇ ਕਰੋ।"

ਗ਼ਦਰੀ ਦੇਸ਼ ਪਹੁੰਚਣ ਨੂੰ ਏਨੇ ਕਾਹਲੇ ਸਨ ਕਿ ਕਰਤਾਰ ਸਿੰਘ ਸਰਾਭਾ ਤਾਂ ਰਘੁਬਰ ਦਿਆਲ ਗੁਪਤਾ ਨੂੰ ਨਾਲ ਲੈ ਕੇ 9-10 ਅਗਸਤ ਦੀਆਂ ਮੀਟਿੰਗਾ ਵਿਚ ਹੋਏ ਬਾਕਾਇਦਾ ਫੈਸਲੇ ਤੋਂ ਪਹਿਲਾਂ ਹੀ ਤੁਰ ਪਿਆ। ਉਸ ਨੂੰ ਡਰ ਸੀ ਕਿਤੇ ਪਾਰਟੀ ਉਸ ਦੀ ਡਿਊਟੀ ਪਿੱਛੇ ਅਮਰੀਕਾ ਵਿਚ ਕੰਮ ਚਲਾਉਣ ਦੀ ਹੀ ਨਾ ਲਾ ਦੇਵੇ।

ਫੈਸਲਾ ਨਵੰਬਰ ਦੇ ਪਹਿਲੇ ਹਫ਼ਤੇ ਤੱਕ ਸਭ ਹਿੰਦੀਆਂ ਦੇ ਦੇਸ ਪਹੁੰਚਣ ਦਾ ਹੋਇਆ। ਪਹਿਲੇ ਗਿਆਰਾਂ ਗ਼ਦਰੀ 22 ਅਗਸਤ ਨੂੰ ਹੀ ਵੈਨਕੂਵਰ ਤੋਂ ਜਹਾਜ਼ੇ ਚੜ੍ਹ ਗਏ। 29 ਅਗਸਤ ਨੂੰ "ਕੋਰਯਾ" ਨਾਮੀ ਜਹਾਜ਼ 60-70 ਲੀਡਰਾਂ ਤੇ ਵਰਕਰਾਂ ਨੂੰ ਸਾਨਫਰਾਂਸਿਸਕੋ ਤੋਂ ਲੈ ਤੁਰਿਆ। ਪ੍ਰਧਾਨ ਸੋਹਣ ਸਿੰਘ ਭਕਨਾ ਨੂੰ ਜਪਾਨ ਵਿਚ ਸੰਦੇਸ਼ ਮਿਲਣ ਉੱਤੇ ਉਹ ਓਥੋਂ ਸਿੱਧੇ ਹੀ ਤੁਰ ਪਏ। ਉਤਸ਼ਾਹ ਦਾ ਇਹ ਹਾਲ ਸੀ ਕਿ ਇੱਕੋ ਪੁਰਾਣੇ ਆਦਮੀ ਰਾਮ ਚੰਦ ਨੂੰ ਆਸ਼ਰਮ ਵਿਚ ਛੱਡ ਤੇ ਸਭ ਗ਼ਦਰੀ ਦੇਸ਼ ਨੂੰ ਚਾਲੇ ਪਾ ਗਏ। ਸਰਕਾਰੀ ਕਾਗਜ਼ਾਂ ਮੁਤਾਬਕ ਫਰਵਰੀ 1915 ਤੱਕ 2312 ਹਿੰਦੀ ਕੈਨੇਡਾ, ਅਮਰੀਕਾ, ਪਨਾਮਾ, ਚੀਨ, ਮਲਾਇਆ, ਫਿਲਿਪਾਈਨਜ਼, ਹਾਂਗਕਾਂਗ, ਸਿੰਘਾਪੁਰ ਤੋਂ ਪਹੁੰਚੇ। 1916 ਤੱਕ ਇਹ ਗਿਣਤੀ 8000 ਅੱਪੜ ਗਈ।

ਪੰਜਾਬ ਪਹੁੰਚ ਕੇ ਗ਼ਦਰੀਆਂ ਨੇ ਪਹਿਲਾਂ ਆਪਸੀ ਤਾਲਮੇਲ ਪੈਦਾ ਕਰਨ ਤੇ ਜਥੇਬੰਦੀ ਦਾ ਢਾਂਚਾ ਖੜਾ ਕਰਨ ਦੇ ਜਤਨ ਅਰੰਭੇ। ਕਰਤਾਰ ਸਿੰਘ ਸਰਾਭਾ ਇਨ੍ਹਾਂ ਵਿਚ ਅੱਗੇ ਅੱਗੇ ਸੀ। ਸਕੀਮ ਇਹ ਬਣਾਈ ਗਈ ਕਿ ਇਨਕਲਾਬੀ ਦਸਤੇ ਕਾਇਮ ਕਰ ਕੇ ਉਨ੍ਹਾਂ ਦੇ ਮੋਹਰੀ ਚੁਣ ਕੇ, ਉਨ੍ਹਾਂ ਨੂੰ ਸਾਂਝੀ ਇਨਕਲਾਬੀ ਕਮਾਨ ਹੇਠ ਜੋੜਿਆ ਜਾਵੇ। ਨਿਧਾਨ ਸਿੰਘ ਚੁਘਾ ਲੁਧਿਆਣਾ ਜ਼ਿਲੇ ਨੂੰ ਸਾਂਭੇ, ਹਰਨਾਮ ਸਿੰਘ ਟੁੰਡੀਲਾਟ ਦੁਆਬੇ ਨੂੰ। ਲਾਹੌਰ ਤੇ ਅੰਮ੍ਰਿਤਸਰ ਜਗਤ ਸਿੰਘ ਸੁਰਸਿੰਘੀਏ, ਗੁੱਜਰ ਸਿੰਘ ਭਕਨਾ ਤੇ ਸੰਤ ਵਿਸਾਖਾ ਸਿੰਘ ਨੂੰ ਸੌਂਪੇ ਗਏ। ਕਰਤਾਰ ਸਿੰਘ ਸਰਾਭੇ ਨੂੰ ਬੰਗਾਲੀ ਇਨਕਲਾਬੀਆਂ ਨਾਲ ਸੰਪਰਕ ਬਣਾਉਣ ਤੇ ਉਨ੍ਹਾਂ ਦੀ ਸਹਾਇਤਾ ਨਾਲ ਬੰਬ-ਫੈਕਟਰੀਆਂ ਕਾਇਮ ਕਰਨ ਉੱਤੇ ਲਾਇਆ ਗਿਆ। ਵਿਸ਼ਨੂ ਗਣੇਸ਼ ਪਿੰਗਲੇ ਨੇ ਵੀ ਦੂਜੇ ਇਨਕਲਾਬੀ ਗਰੋਹਾਂ ਨਾਲ ਰਿਸ਼ਤਾ ਜੋੜਨ ਵਿਚ ਅਹਿਮ ਰੋਲ ਅਦਾ ਕੀਤਾ। ਜਤਿੰਦਰ ਨਾਥ ਸਾਨਿਆਲ ਤੇ ਰਾਸ ਬਿਹਾਰੀ ਬੋਸ ਪੰਜਾਬ ਲਿਆਂਦੇ ਗਏ। ਅੰਮ੍ਰਿਤਸਰ, ਲਾਹੌਰ ਤੇ ਲੁਧਿਆਣਾ ਵਿਚ ਬੰਬ ਬਣਾਉਣ ਦੇ ਅੱਡੇ ਸਥਾਪਿਤ ਹੋਏ।

ਗ਼ਦਰੀਆਂ ਨੇ ਉੱਤਰੀ ਭਾਰਤ ਦੀਆਂ ਛਾਉਣੀਆਂ ਵਿਚ ਘੁੰਮ ਕੇ ਪਿਸ਼ਾਵਰ ਤੋਂ ਬਨਾਰਸ ਤੱਕ ਕਈ ਥਾਈਂ ਫ਼ੌਜੀ ਜਵਾਨਾਂ ਨਾਲ ਨਾਤਾ ਜੋੜਿਆ। ਹੋਰ ਤਾਂ ਹੋਰ ਸਿੰਘਾਪੁਰ ਵਿਚ ਵੀ ਅੱਡਾ ਬਣ ਗਿਆ। ਇਨਕਲਾਬੀਆਂ ਨੇ ਮੀਆਂ ਮੀਰ (ਲਾਹੌਰ) ਦੀ ਛਾਉਣੀ ਉੱਤੇ 26 ਨਵੰਬਰ 1914 ਨੂੰ ਹਮਲਾ ਕਰਨਾ ਵੀ ਮਿੱਥ ਲਿਆ। ਫੀਰੋਜ਼ਪੁਰ ਤੇ ਕੁਝ ਹੋਰ ਛਾਉਣੀਆਂ ਤੇ ਉਨ੍ਹਾਂ ਨੂੰ ਹੁੰਗਾਰਾ ਵੀ ਚੰਗਾ ਮਿਲਿਆ, ਉਨ੍ਹਾਂ ਪਿਸ਼ਾਵਰ ਦੇ ਇਲਾਕੇ ਵਿਚ ਅਫ਼ਰੀਦੀਆਂ ਤੋਂ ਤੇ ਕਲਕੱਤੇ ਤੋਂ ਹਥਿਆਰ ਮੰਗਵਾਉਣ ਦਾ ਬੰਦੋਬਸਤ ਵੀ ਕੀਤਾ। ਉਨ੍ਹਾਂ ਫੰਡਾਂ ਲਈ ਕੁੱਝ ਸਫ਼ਲ ਐਕਸ਼ਨ ਵੀ ਕੀਤੇ। ਪਰ ਉਨ੍ਹਾਂ ਦੀ ਜਥੇਬੰਦੀ ਕਮਜ਼ੋਰ ਸੀ ਤੇ ਅੰਗਰੇਜ਼ ਨੇ ਉਸ ਵਿਚ ਕਿਰਪਾਲ ਸਿੰਘ ਵਰਗੇ ਸੂਹੀਏ ਵੀ ਵਾੜ ਦਿੱਤੇ ਜਿਨ੍ਹਾਂ ਕਾਰਨ 21 ਫ਼ਰਵਰੀ 1915 ਨੂੰ ਮੁੜ ਇਨਕਲਾਬ ਕਰਨ ਦੀ ਸਕੀਮ ਵੀ ਸਿਰੇ ਨਾ ਚੜ੍ਹ ਸਕੀ ਅਤੇ ਬਹੁਤ ਸਾਰੇ ਅਹਿਮ ਮੈਂਬਰ ਪਹਿਲਾਂ ਹੀ ਕਾਬੂ ਕਰ ਲਏ ਗਏ।

ਗ਼ਦਰੀਆਂ ਵਿਚ ਬੀਰਤਾ ਦੀ ਘਾਟ ਨਹੀਂ ਸੀ। ਨਿਸ਼ਾਨਾ ਵੀ ਉਨ੍ਹਾਂ ਦਾ ਸਪਸ਼ਟ ਸੀ ਤੇ ਇਰਾਦੇ ਵੀ ਦ੍ਰਿੜ ਸਨ। ਪਰ ਅੰਗਰੇਜ਼ਾਂ ਦੀ ਦਬਾਊ ਮਸ਼ੀਨਰੀ ਬਹੁਤ ਤਕੜੀ ਸੀ ਤੇ ਸਧਾਰਨ ਲੋਕ ਅਜੇ ਜਾਗੇ ਨਹੀਂ ਸਨ। ਨਤੀਜਾ ਇਹ ਨਿਕਲਿਆ ਕਿ ਸਾਜ਼ਸ਼ ਦੇ ਪੰਜ ਕੇਸ ਚਲਾ ਕੇ ਅੰਗਰੇਜ਼ਾਂ ਨੇ 26 ਅਪਰੈਲ 1915 ਤੋਂ 1917 ਦੇ ਮਾਰਚ ਦੇ ਮਹੀਨੇ ਦੇ ਅੰਤ ਤੱਕ 528 ਗਦਰੀਆਂ ਨੂੰ ਸਜ਼ਾਵਾਂ ਸੁਣਾਈਆਂ। ਪੰਜਾਂ ਕੇਸਾਂ ਵਿਚ 96 ਫ਼ਾਂਸੀ ਚਾੜ੍ਹੇ ਗਏ, 19 ਕੋਮਾ ਗਾਟਾ ਮਾਰੂ ਦੇ ਸਾਕੇ ਵਿਚ ਸ਼ਹੀਦ ਹੋਏ, 8 ਅੰਡੇਮਾਨ ਜੇਲ ਦੀ ਭੁੱਖ ਹੜਤਾਲ ਨੇ ਲੈ ਲਏ ਤੇ ਬਹੁਤ ਸਾਰੇ ਪੁਲਸ-ਮੁਕਾਬਲਿਆਂ ਵਿਚ ਜਾਨਾਂ ਗੁਆ ਬੈਠੇ। ਕੁਲ 145 ਗਦਰੀਆਂ ਨੇ ਮੌਤ ਰਾਣੀ ਨੂੰ ਵਰਿਆ, 306 ਨੂੰ ਉਮਰ ਕੈਦ ਬੋਲੀ ਤੇ 77 ਨੂੰ ਉਸ ਤੋਂ ਘੱਟ ਸਮੇਂ ਦੀ ਕੈਦ।

ਫੌਜੀਆਂ ਵਲੋਂ ਗ਼ਦਰ ਪਾਰਟੀ ਦੀ ਲਹਿਰ ਵਿਚ ਉੱਘੇ ਹਿੱਸੇ ਦਾ ਪ੍ਰਮਾਣ ਮਿਲਦਾ ਹੈ। 62 ਨੂੰ ਫਾਂਸੀ ਤੇ 190 ਨੂੰ ਉਮਰ ਕੈਦ ਹੋਈ। ਇਨ੍ਹਾਂ ਵਿੱਚੋਂ ਸਿੰਘਾਪੁਰ ਲਾਈਟ ਇਨਫੈਂਟਰੀ ਦੇ 41 ਸ਼ਹੀਦ ਸਨ ਤੇ 125 ਉਮਰ ਕੈਦੀ। 130 ਬਲੋਚ ਰਜਮੈਂਟ ਦੇ 4 ਸ਼ਹੀਦ ਹੋਏ ਤੇ 59 ਉਮਰ ਕੈਦ।

ਲਹਿਰ ਭਾਰਤ ਵਿਚ ਤਾਂ ਫੇਲ ਹੋ ਗਈ, ਪਰ ਜਤਨ ਭਾਰਤ ਤੋਂ ਬਾਹਰ ਵੀ ਹੋਏ। ਇਨ੍ਹਾਂ ਵਿੱਚੋਂ ਸਭ ਤੋਂ ਉੱਘੀ ਕਾਬਲ ਦੀ ਸਿਲਕ ਸਾਜ਼ਸ਼ ਸੀ, ਜਿਸ ਦੇ ਆਗੂ ਮੌਲਵੀ ਬਰਕਤ ਉਲਾ ਤੇ ਰਾਜ ਮਹਿੰਦਰ ਪ੍ਰਤਾਪ ਸਨ। ਇਨ੍ਹਾਂ ਦੋਨਾਂ ਨੇ ਜਰਮਨੀ ਦੀ ਮਦਦ ਨਾਲ ਕਾਬਲ ਵਿਚ ਆਰਜ਼ੀ ਅਜ਼ਾਦ ਸਰਕਾਰ ਬਣਾਈ। ਮਹਿੰਦਰ ਪ੍ਰਤਾਪ ਜੀ ਉਸ ਦੇ ਪ੍ਰਧਾਨ ਸਨ ਤੇ ਬਰਕਤ ਉਲਾ ਸਾਹਿਬ ਪ੍ਰਾਈਮ ਮਿਨਿਸਟਰ। ਇਸ ਸਰਕਾਰ ਨੇ ਪੱਛਮੀ ਏਸ਼ੀਆ ਦੇ ਮੁਸਲਮਾਨ ਹੁਕਮਰਾਨਾਂ ਨੂੰ ਵੀ ਤੇ ਰੂਸੀ ਸਰਕਾਰ ਨੂੰ ਵੀ ਅੰਗਰੇਜ਼ਾਂ ਵਿਰੁੱਧ ਗੰਢਣ ਦੀ ਕੋਸ਼ਿਸ਼ ਕੀਤੀ। ਸਿਲਕ ਦੇ ਕਪੜਿਆਂ ਵਿਚ ਸੀ ਕੇ ਇਨ੍ਹਾਂ ਸਿਲਕ ਦੇ ਧਾਗੇ ਨਾਲ ਹੀ ਲਿਖੀਆਂ ਚਿੱਠੀਆਂ ਭਾਰਤ ਅੰਦਰ ਭੇਜੀਆਂ ਜਿਨ੍ਹਾਂ ਵਿੱਚੋਂ ਕੁੱਝ ਅੰਗਰੇਜ਼ਾਂ ਹੱਥ ਆ ਗਈਆਂ ਜਿਸ ਕਾਰਨ ਸਿਲਕ ਸਾਜ਼ਸ਼ ਕੇਸ ਚਲਿਆ। ਸਾਜ਼ਸ਼ ਭਾਵੇਂ ਇਹ ਵੀ ਸਫ਼ਲ ਨਾ ਹੋਈ, ਪਰ ਇਸ ਦੀ ਚਰਚਾ ਬਹੁਤ ਹੋਈ।

ਗ਼ਦਰ ਲਹਿਰ ਦੇ ਬਾਹਰਲੇ ਆਗੂਆਂ ਨੇ ਸੋਵੀਅਤ ਇਨਕਲਾਬ ਪਿੱਛੋਂ ਲੈਨਿਨ ਨਾਲ ਵੀ ਸੰਬੰਧ ਜੋੜੇ ਅਤੇ ਉਹ ਅਮਰੀਕਾ ਤੇ ਦੱਖਣੀ ਅਮਰੀਕਾ ਤੋਂ ਇਨਕਲਾਬੀਆਂ ਨੂੰ ਸਿਖਲਾਈ ਪ੍ਰਾਪਤ ਕਰਨ ਲਈ ਦੂਜੀ ਸੰਸਾਰ ਜੰਗ ਦੇ ਸ਼ੁਰੂ ਹੋਣ ਤੱਕ ਮਾਸਕੋ ਭੇਜਦੇ ਰਹੇ। ਪੰਜਾਬ ਦੀ ਖੱਬੇ-ਪੱਖੀ ਲਹਿਰ ਨੂੰ ਉਨ੍ਹਾਂ ਦਾ ਯੋਗਦਾਨ ਵੱਡਮੁੱਲਾ ਹੈ। ਦੇਸ਼ ਅੰਦਰਲੇ ਗ਼ਦਰੀ ਬਾਬੇ ਉਮਰ ਕੈਦਾਂ ਕੱਟਣ ਪਿੱਛੋਂ ਕਿਰਤੀਆਂ ਕਿਸਾਨਾਂ ਨੂੰ ਜਥੇਬੰਦ ਕਰਨ ਲਈ ਸਰਗਰਮ ਹੋ ਗਏ। ਉਨ੍ਹਾਂ ਵਿੱਚੋਂ ਬਾਬਾ ਸੋਹਣ ਸਿੰਘ ਭਕਨਾ ਕੁਲ ਹਿੰਦ ਕਿਸਾਨ ਸਭਾ ਦੇ ਪ੍ਰਧਾਨ ਬਣੇ। ਬਾਬਾ ਅਰੂੜ ਸਿੰਘ ਚੂਹੜ ਚੱਕ, ਬਾਬਾ ਨਿਧਾਨ ਸਿੰਘ ਮਹੇਸਰੀ, ਬਾਬਾ ਬਚਨ ਸਿੰਘ ਘੋਲੀਆ, ਕਾਮਰੇਡ ਅੱਛਰ ਸਿੰਘ ਛੀਨਾ, ਪੰਡਿਤ ਜਗਤ ਰਾਮ ਹਰਿਆਣਵੀ ਤੇ ਕਾਮਰੇਡ ਤੇਜਾ ਸਿੰਘ ਸੁਤੰਤਰ ਵੱਖੋ-ਵੱਖ ਸਮਿਆਂ ਵਿਚ ਪੰਜਾਬ ਅਸੈਂਬਲੀ ਦੇ ਮੈਂਬਰ ਚੁਣੇ ਗਏ ਤੇ ਕਾਮਰੇਡ ਸੁਤੰਤਰ ਤਾਂ ਆਪਣੇ ਅੰਤਲੇ ਸਾਲਾਂ ਵਿਚ ਦੇਸ਼ ਦੀ ਪਾਰਲੀਮੈਂਟ ਦੇ ਮੈਂਬਰ ਵੀ ਰਹੇ। ਬਾਬਾ ਗੁਰਮੁਖ ਸਿੰਘ ਲਲਤੋਂ ਕਾਮਾਗਾਟਾਮਾਰੂ ਵਾਲੇ ਨੇ ਜਲੰਧਰ ਵਿਚ ਦੇਸ਼ ਭਗਤ ਯਾਦਗਾਰ ਹਾਲ ਬਣਾਇਆ, ਜਿਸ ਨੂੰ ਅੱਜ ਕਲ ਬਾਬਾ ਭਗਤ ਸਿੰਘ ਬਿਲਗਾ ਚਲਾ ਰਹੇ ਹਨ। ਇਨ੍ਹਾਂ ਗਦਰੀਆਂ ਵਿੱਚੋਂ ਹੀ ਬਾਬਾ ਈਸ਼ਰ ਸਿੰਘ ਮਰਹਾਣਾ, ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਪ੍ਰਧਾਨ ਰਹੇ ਅਤੇ ਬਾਬਾ ਕਰਮ ਸਿੰਘ ਚੀਮਾ ਤੇ ਬਾਬਾ ਭਾਗ ਸਿੰਘ ਉੱਪਲ ਭੂਪਾ ਵਰਗਿਆਂ ਖਾਸ ਹੈਸੀਅਤੀ ਮੋਰਚੇ ਦੀ ਅਗਵਾਈ ਕੀਤੀ। ਬਾਬਾ ਪਿਰਥੀ ਸਿੰਘ ਲਾਲੜੂ ਪਚਾਨਵੇਂ ਸਾਲ ਦੀ ਉਮਰ ਵਿਚ ਵੀ ਖੇਡਾਂ ਵਿਚ ਤੇ ਨੌਜਵਾਨਾਂ ਨੂੰ ਦੇਸ਼ ਭਗਤੀ ਦੀ ਰੰਗਣ ਚਾੜ੍ਹਨ ਵਿਚ ਸਰਗਰਮ ਹਨ।

ਦੇਸ਼ ਦੀ ਆਜ਼ਾਦੀ ਦੀ ਲਹਿਰ ਵਿਚ ਪਰਦੇਸਾਂ ਅੰਦਰ ਕਰੋੜਾਂ ਦੀਆਂ ਜਾਇਦਾਦਾਂ ਨੂੰ ਲੱਤਾਂ ਮਾਰ ਕੇ ਆਏ ਇਨ੍ਹਾਂ ਗਦਰੀ ਸੂਰਬੀਰਾਂ ਦੀ ਦੇਣ ਬਹੁਤ ਵੱਡਮੁੱਲੀ ਹੈ। ਪੰਜਾਬ ਦੀ ਧਰਤੀ ਦੇ ਚੱਪੇ-ਚੱਪੇ ਉੱਤੇ ਇਨ੍ਹਾਂ ਦੀਆਂ ਕਰਨੀਆਂ ਦੀ ਮੁਹਰ ਛਾਪ ਹੈ। ਕਿਉਂਕਿ ਇਹ ਆਪਣੇ ਜੀਵਨ ਦੇ ਅੰਤਲੇ ਸਾਹਾਂ ਤੱਕ ਜੇਲਾਂ ਦੇ ਅੰਦਰ ਵੀ ਤੇ ਬਾਹਰ ਵੀ ਦੇਸ਼-ਭਗਤੀ ਦੇ ਮਾਰਗ ਉੱਤੇ ਅਡੋਲ ਵਧਦੇ ਰਹੇ।

**ਪੰਜਵਾਂ ਅਭਿਆਸ**

**ਨੋਟ:** ਹੇਠ-ਦਿੱਤੇ ਸਵਾਲਾਂ ਦੇ ਸੰਖੇਪ ਵਿੱਚ ਉੱਤਰ ਦਿਓ। ਉੱਤਰ ਖ਼ਾਲੀ ਛੱਡੀਆਂ ਹੋਈਆਂ ਥਾਵਾਂ ਉੱਤੇ ਹੀ ਦੇਣੇ ਹਨ। ਜਵਾਬ ਅਖ਼ੀਰ ਵਿਚ ਵੀ ਦਿੱਤੇ ਹੋਏ ਹਨ ਪਰ ਤੁਸੀ ਜਵਾਬ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਵੇਖਣਾ ਨਹੀਂ ਹੈ।

1 ਗ਼ਦਰ ਲਹਿਰ ਦੇ ਫ਼ੇਲ ਹੋਣ ਦੇ ਕੀ ਕਾਰਨ ਸਨ ?

2 ਗ਼ਦਰ ਲਹਿਰ ਵਿਚ ਦੇਸ-ਭਗਤਾਂ ਵੱਲੋਂ ਦਿੱਤੀਆਂ ਗਈਆਂ ਕੁਰਬਾਨੀਆਂ ਦਾ ਵੇਰਵਾ ਦਿਓ।

3 'ਗ਼ਦਰ ਲਹਿਰ ਦੀ ਦੇਣ' ਵਿਸ਼ੇ ਉੱਤੇ ਇਕ ਲੇਖ ਲਿਖੋ।

## 9.8 ਸਾਰ

ਰੋਟੀ-ਰੋਜ਼ੀ ਖ਼ਾਤਰ ਕੈਨੇਡਾ, ਅਮਰੀਕਾ ਤੇ ਦੂਰ ਪੂਰਬ ਦੇ ਟਾਪੂਆਂ ਵਿੱਚ ਜਾ ਵੱਸੇ ਭਾਰਤੀਆਂ ਨੇ, ਜਿਨ੍ਹਾਂ ਵਿਚੋਂ ਬਹੁਤੇ ਪੰਜਾਬੀ ਸਨ, ਨਸਲੀ ਵਿਤਕਰੇ ਤੇ ਕੰਮ ਕਾਰ ਵਿੱਚ ਬਦਸਲੂਕੀ ਤੋਂ ਦੇਸ਼ ਭਗਤੀ ਦੀ ਸੂਝ ਲੈ 1913 ਵਿੱਚ ਅਮਰੀਕਾ ਵਿੱਚ ਗ਼ਦਰ ਪਾਰਟੀ ਦੀ ਨੀਂਹ ਰੱਖੀ। 'ਗ਼ਦਰ' ਅਖ਼ਬਾਰ ਕੱਢਿਆ, ਜਿਸ ਨੇ ਸਭ ਪਰਦੇਸੀ ਹਿੰਦੀਆਂ ਵਿੱਚ ਵੱਡੀ ਜਾਗਰਤੀ ਪੈਦਾ ਕੀਤੀ।

ਪਹਿਲੀ ਸੰਸਾਰ ਜੰਗ ਸਮੇਂ 1914-15 ਵਿੱਚ ਗ਼ਦਰੀਆਂ ਨੇ ਪਿਸ਼ਾਵਰ ਤੋਂ ਬਨਾਰਸ ਤੱਕ ਛਾਵਣੀਆਂ ਵਿੱਚ ਫ਼ੌਜੀਆਂ ਨਾਲ ਸੰਪਰਕ ਪੈਦਾ ਕਰਕੇ ਹਥਿਆਰਬੰਦ ਬਗਾਵਤ ਦਾ ਅਸਫਲ ਯਤਨ ਕੀਤਾ। ਕੋਮਾਗਾਟਾਮਾਰੂ ਜਹਾਜ਼ ਰਾਹੀਂ ਕੈਨੇਡਾ ਵਿੱਚ ਦਾਖਲ ਹੋਣ ਦੀਆਂ ਕੋਸ਼ਿਸ਼ਾਂ ਵਿੱਚ ਨਾਕਾਮੀ ਪਿੱਛੋਂ ਵਾਪਸੀ ਉਪਰੰਤ ਬਜਬਜ ਘਾਟ ਉੱਤੇ ਮੁਸਾਫਰਾਂ ਨੂੰ ਗੋਲੀਆਂ ਦਾ ਸਾਹਮਣਾ ਕਰਨਾ ਪਿਆ। ਜਿਸ ਨਾਲ ਅਜ਼ਾਦੀ ਦੀ ਲਹਿਰ ਵਿਚ ਤਕੜਾ ਉਭਾਰ ਆਇਆ।

ਪੰਜ ਸਾਜ਼ਸ਼ ਦੇ ਮੁਕੱਦਮਿਆਂ ਤੇ ਭੁੱਖ ਹੜਤਾਲਾਂ ਦੌਰਾਨ ਮੁਕੰਮਲ ਅਜ਼ਾਦੀ ਦਾ ਝੰਡਾ ਸਭ ਤੋਂ ਪਹਿਲਾਂ ਚੁੱਕਣ ਵਾਲੇ ਗਦਰੀਆਂ ਵਿੱਚੋਂ 145 ਸ਼ਹੀਦ ਹੋਏ ਤੇ 306 ਨੇ ਉਮਰ ਕੈਦ ਕੱਟੀ। ਕੈਦ ਪਿੱਛੇ ਇਨ੍ਹਾਂ ਨੇ ਰੂਸ ਨਾਲ ਨਾਤਾ ਜੋੜ ਕੇ ਕਿਰਤੀਆਂ ਤੇ ਕਿਸਾਨਾਂ ਨੂੰ ਜੱਥੇਬੰਦ ਕਰਨ ਵਿੱਚ ਅਹਿਮ ਹਿੱਸਾ ਪਾਇਆ। ਇਨ੍ਹਾਂ ਵਿਚੋਂ ਕੁੱਝ ਇਕ ਅਜ਼ਾਦੀ ਪਿੱਛੋਂ ਅਸੈਂਬਲੀਆਂ ਤੇ ਪਾਰਲੀਮੈਂਟ ਦੇ ਮੈਂਬਰ ਬਣੇ ਤੇ ਗੁਰਦੁਆਰਿਆਂ ਦੇ ਪ੍ਰਧਾਨ ਵੀ ਰਹੇ।

ਇਨ੍ਹਾਂ ਨੇ ਜਲੰਧਰ ਵਿਚ ਦੇਸ਼ਭਗਤ ਯਾਦਗਾਰ ਹਾਲ ਸਥਾਪਿਤ ਕੀਤਾ ਤੇ ਇਨ੍ਹਾਂ ਵਿਚੋਂ ਜੀਵਤ ਸਾਥੀ ਹੁਣ ਵੀ ਦੇਸ਼ ਸੇਵਾ ਕਰ ਰਹੇ ਹਨ।

## 9.9 ਸਹਾਇਕ ਪੁਸਤਕਾਂ

ਗੁਰਚਰਨ ਸਿੰਘ ਸੈਹੰਮਰਾ, **ਗ਼ਦਰ ਪਾਰਟੀ ਦਾ ਇਤਿਹਾਸ,** ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ।

ਸੋਹਨ ਸਿੰਘ ਜੋਸ਼ ਕੋਮਾ ਗਾਟਾ ਮਾਰੂ ਦਾ ਦੁਖਾਂਤ, ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ
ਮਾਸਕ "ਕਿਰਤੀ" ਦੀਆਂ ਫ਼ਾਇਲਾਂ, ਦੇਸ਼ ਭਗਤ ਲਾਇਬਰੇਰੀ ਯਾਦਗਾਰ ਹਾਲ, ਜਲੰਧਰ

## 9.10 ਅਭਿਆਸਾਂ ਦੇ ਉੱਤਰ

### ਪਹਿਲਾ ਅਭਿਆਸ

ਸ਼ਾਹੂਕਾਰਾਂ ਦੀ ਮਚਾਈ ਹੋਈ ਲੁੱਟ, ਆਪਣੇ ਆਪ ਉਤੇ ਨਿਰਭਰ ਪੇਂਡੂ ਪ੍ਰਬੰਧ ਦੀ ਭੱਜ-ਟੁੱਟ ਅਤੇ ਗਰੀਬੀ ਤੇ ਮੰਦਹਾਲੀ ਕਰ ਕੇ ਪਹਿਲਾਂ ਪੰਜਾਬੀਆਂ ਨੂੰ ਅੰਗਰੇਜ਼ਾਂ ਦੀ ਫੌਜ ਵਿਚ ਭਰਤੀ .ਹੋਣਾ ਪਿਆ ਤੇ ਨੌਕਰੀ ਉਪਰੰਤ ਮਲਾਇਆ, ਸਿੰਘਾਪੁਰ, ਹਾਂਗਕਾਂਗ, ਚੀਨ ਤੇ ਹੋਰ ਟਾਪੂਆਂ ਵਿਚ ਪੁਲਸ ਦੀ ਨੌਕਰੀ ਜਾਂ ਦਰਬਾਨੀ ਲਈ ਮਜਬੂਰ ਹੋਣਾ ਪਿਆ। ਉਥੋਂ ਉਹ ਚੰਗੇ ਰੁਜ਼ਗਾਰ ਦੀ ਭਾਲ ਵਿੱਚ ਕੈਨੇਡਾ, ਅਮਰੀਕਾ ਜਾ ਪਹੁੰਚੇ। ਉਹਨਾਂ ਦੇਸ਼ਾਂ ਵਿੱਚ ਵਿਤਕਰੇ ਭਰੇ ਸਲੂਕ ਨੇ ਤੇ ਸਮਾਜੀ ਤੰਗੀਆਂ ਨੇ ਭਾਰਤੀਆਂ ਨੂੰ ਰਾਜਸੀ ਸੂਝ ਤੇ ਜੱਥੇਬੰਦੀ ਦੇ ਰਾਹ ਪਾਇਆ। ਇਸ ਦੇ ਫਲ-ਸਰੂਪ ਗ਼ਦਰ ਪਾਰਟੀ ਦਾ ਜਨਮ ਹੋਇਆ।

### ਦੂਜਾ ਅਭਿਆਸ

ਕੈਨੇਡਾ ਤੋਂ, ਬੇਕਨੂੰਨੇ ਢੰਗ ਨਾਲ, ਹਿੰਦੀਆਂ ਦਾ ਦਾਖਲਾ ਬੰਦ ਕੀਤਾ ਗਿਆ, ਉਹਨਾਂ ਦੇ ਰਿਸ਼ਤੇਦਾਰ ਮੋੜੇ ਗਏ। ਕੈਨੇਡਾ ਸਰਕਾਰ ਨੂੰ ਦਿੱਤੇ ਮੇਜਰਨਾਮਿਆਂ ਤੇ ਅੰਗਰੇਜ਼ ਸਰਕਾਰ ਤੱਕ ਕੀਤੀ ਪਹੁੰਚ ਦਾ ਕੋਈ ਅਸਰ ਨਾ ਹੋਇਆ। ਭਾਰਤੀਆਂ ਨੂੰ ਜਿੱਦ ਕਰਕੇ ਕੈਨੇਡਾ ਛੱਡ ਕੇ ਭਜ ਜਾਣ ਲਈ ਮਜਬੂਰ ਕੀਤਾ ਜਾਣ ਲੱਗਾ।

ਓਧਰ ਅਮਰੀਕਾ ਵਿਚ ਮਜ਼ਦੂਰੀ ਕਰਦੇ ਭਾਰਤੀ ਵੀ 1912 ਦੇ ਆਰਥਕ ਸੰਕਟ ਉਪਰੰਤ ਵਿਤਕਰੇ, ਬੇਰੋਜ਼ਗਾਰੀ ਤੇ ਬਦਸਲੂਕੀ ਦੀ ਮਾਰ ਹੇਠ ਆ ਗਏ। ਕੁਝ ਕੈਨੇਡਾ ਸਰਕਾਰ ਦੇ ਧੱਕੇ ਹੋਏ ਪੰਜਾਬੀ ਵੀ ਅਮਰੀਕਾ ਪਹੁੰਚ ਚੁੱਕੇ ਸਨ।

ਕੈਨੇਡਾ ਵਿਚ ਹਿੰਦੀ ਐਸੋਸੀਏਸ਼ਨਾਂ ਬਣਨ ਲੱਗੀਆਂ। ਅਮਰੀਕਾ ਵਿਚ ਬਰਕਲੇ ਯੂਨੀਵਰਸਿਟੀ ਤੋਂ ਆ ਕੇ ਲਾਲਾ ਹਰਦਿਆਲ ਨੇ ਰਾਜਸੀ ਸੂਝ ਵਧਾਈ। ਦੋਨਾਂ ਦੇਸ਼ਾਂ ਦੇ ਹਿੰਦੀ ਕਿਰਤੀਆਂ ਨੇ ਰਲ ਕੇ 1913 ਵਿਚ ਗ਼ਦਰ ਪਾਰਟੀ ਦੀ ਨੀਂਹ ਰੱਖ ਦਿੱਤੀ, ਜਿਸ ਨੇ ਸਭਨਾਂ ਦੁੱਖਾਂ ਦਾ ਮੂਲ ਭਾਰਤ ਦੀ ਗੁਲਾਮੀ ਸਮਝਦੇ ਹੋਏ ਦੇਸ਼ ਵਿੱਚ ਗ਼ਦਰ ਮਚਾਉਣ ਦੀ ਠਾਣ ਲਈ।

### ਤੀਜਾ ਅਭਿਆਸ

'ਗ਼ਦਰ' ਅਖ਼ਬਾਰ ਗਦਰ ਪਾਰਟੀ ਦੇ ਜਨਮ ਤੋਂ ਕੁੱਝ ਮਹੀਨੇ ਪਿੱਛੋਂ ਹੀ ਨਵੰਬਰ 1913 ਵਿੱਚ ਜਾਰੀ ਹੋਇਆ। ਇਹ ਆਪਣੇ ਆਪ ਨੂੰ ਅੰਗਰੇਜ਼ੀ ਰਾਜ ਦਾ ਦੁਸ਼ਮਣ ਅਖ਼ਬਾਰ" ਆਖਦਾ ਸੀ ਤੇ ਅਜ਼ਾਦੀ ਖਾਤਰ ਕੁਰਬਾਨੀਆਂ ਕਰਨ ਲਈ ਵੰਗਾਰਦਾ ਸੀ। ਇਸ ਦਾ ਦਫਤਰ ਸਾਨਫਰਾਂਸਿਸਕੋ ਦਾ "ਯੁਗਾਂਤਰ ਆਸ਼ਰਮ" ਸੀ। ਕਰਤਾਰ ਸਿੰਘ ਸਰਾਭਾ ਹਰਨਾਮ ਸਿੰਘ ਟੁੰਡੀ ਲਾਟ ਤੇ ਹੋਰ ਗ਼ਦਰੀ ਇਸ ਵਿਚ ਦੇਸ਼ ਭਗਤੀ ਦੇ ਰੰਗਣ ਵਿਚ ਰੰਗੇ ਲੇਖ, ਕਵਿਤਾਵਾਂ ਲਿਖਦੇ। ਇਹ ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ ਵਿਚ ਮੁਫਤ ਛਾਪਕੇ ਦੂਰ ਪੂਰਬ ਦੇ ਟਾਪੂਆਂ, ਦੱਖਣੀ ਅਮਰੀਕਾ ਤੇ ਖੁਦ ਭਾਰਤ ਦੇ ਹਿੰਦੀਆਂ ਤੱਕ ਲੱਖਾਂ ਦੀ ਗਿਣਤੀ ਵਿਚ ਪੁਚਾਇਆ ਜਾਂਦਾ ਸੀ। ਗ਼ਦਰ ਲਹਿਰ ਦੀ ਉਸਾਰੀ ਵਿਚ ਇਸ ਨੇ ਅਹਿਮ ਰੋਲ ਅਦਾ ਕੀਤਾ।

### ਚੌਥਾ ਅਭਿਆਸ

ਕੈਨੇਡਾ ਸਰਕਾਰ ਨੇ ਭਾਰਤੀਆਂ ਦਾ ਦਾਖਲਾ ਰੋਕਣ ਲਈ ਜਦੋਂ ਇਹ ਪਾਬੰਦੀ ਲਾ ਦਿੱਤੀ ਕਿ ਸਿੱਧਾ ਇਕੋ ਜਹਾਜ਼ ਵਿੱਚ ਪਹੁੰਚਣ ਵਾਲਾ ਭਾਰਤੀ ਹੀ ਕੈਨੇਡਾ ਵਿਚ ਆ ਸਕਦਾ ਹੈ ਤਾਂ ਸਰਹਾਲੀ ਦੇ ਸਰਦਾਰ ਗੁਰਦਿੱਤ ਸਿੰਘ ਨੇ ਜਪਾਨੀਆਂ ਕੋਲੋਂ ਸਮੁੰਦਰੀ ਜਹਾਜ਼, "ਕੋਮਾਗਾਟਾਮਾਰੂ" ਪਟੇ ਉੱਤੇ ਲੈ ਲਿਆ। ਪਰ ਜਦੋਂ ਇਹ ਕੈਨੇਡਾ ਦੀ ਬੰਦਰਗਾਹ ਵੈਨਕੂਵਰ ਵਿਚ ਜਾ ਪਹੁੰਚਾ ਤਾਂ ਆਪਣਾ ਕਾਨੂੰਨ ਤੋੜ ਕੇ ਵੀ, ਕੈਨੇਡਾ ਸਰਕਾਰ ਨੇ ਮੁਸਾਫਰਾਂ ਦੇ ਉਤਰਨ ਉੱਤੇ ਪਾਬੰਦੀ ਲਾ ਦਿੱਤੀ।

ਇਸ ਧੱਕੜਸ਼ਾਹੀ ਵਿਰੁਧ ਵੈਨਕੂਵਰ ਦੇ ਹਿੰਦੀਆਂ ਦੇ ਜਹਾਜ਼ ਨੂੰ ਮੁਸਾਫਰਾਂ ਸਮੇਤ ਵਾਪਸ ਮੁੜਨਾ ਪਿਆ ਅਤੇ ਕਲਕੱਤੇ ਕੋਲ ਬਜਬਜ ਘਾਟ ਉੱਤੇ ਮੁਸਾਫ਼ਰ ਅੰਗਰੇਜ਼ ਸਰਕਾਰ ਦੀਆਂ ਗੋਲੀਆਂ ਦਾ ਸ਼ਿਕਾਰ ਬਣੇ। ਇਸ ਦੁਖਾਂਤ ਨੇ ਅਜ਼ਾਦੀ ਦੇ ਸੰਗਰਾਮ ਨੂੰ ਤਕੜਾ ਹੁਲਾਰਾ ਦਿੱਤਾ।

### ਪੰਜਵਾਂ ਅਭਿਆਸ

1 ਗ਼ਦਰ ਲਹਿਰ ਫੰਡਾਂ ਦੀ ਘਾਟ, ਜਥੇਬੰਦੀ ਦੀ ਕਮਜ਼ੋਰੀ ਤੇ ਕਿਰਪਾਲ ਸਿੰਘ ਵਰਗੇ ਅੰਗਰੇਜ਼ਾਂ ਦੇ ਸੂਹੀਆਂ ਦੀ ਗ਼ੱਦਾਰੀ ਕਾਰਨ ਫੇਲ ਹੋਈ।

2 ਗ਼ਦਰ ਲਹਿਰ ਵਿਰੁੱਧ ਸਾਜ਼ਸ਼ ਦੇ ਪੰਜ ਕੇਸ ਚਲਾ ਕੇ 1915 ਤੋਂ 1917 ਵਿਚਕਾਰ ਅੰਗਰੇਜ਼ ਸਰਕਾਰ ਨੇ 96 ਗ਼ਦਰੀ ਫਾਂਸੀ ਚਾੜ੍ਹੇ। 19 ਕੋਮਾਗਾਟਾਮਾਰੂ ਦੇ ਸਾਕੇ ਵਿਚ ਸ਼ਹੀਦ ਕੀਤੇ, 8 ਅੰਡੇਮਾਨ ਟਾਪੂਆਂ ਵਿਚ ਭੁੱਖਹੜਤਾਲ ਦੇ ਦੌਰਾਨ ਜਾਨਾਂ ਵਾਰ ਗਏ। 306 ਨੂੰ ਉਮਰ ਕੈਦ ਹੋਈ ਤੇ 77 ਨੂੰ ਉਸ ਤੋਂ ਘੱਟ ਸਮੇਂ ਦੀ ਕੈਦ।

3 ਗ਼ਦਰ ਲਹਿਰ ਪਹਿਲੀ ਸੰਸਾਰ ਜੰਗ ਸਮੇਂ ਅੰਗਰੇਜ਼ਾਂ ਦੀਆਂ ਭਾਰਤੀ ਫ਼ੌਜਾਂ ਵਿੱਚ ਗ਼ਦਰ ਮਚਾਉਣ ਲਈ ਕੈਨੇਡਾ ਤੇ ਅਮਰੀਕਾ ਤੋਂ ਉਠੀ ਪਹਿਲੀ ਜੱਥੇਬੰਦ ਲਹਿਰ ਸੀ ਜਿਸ ਨੇ ਸਭ ਤੋਂ ਪਹਿਲਾਂ ਵੀਹਵੀਂ ਸਦੀ ਵਿੱਚ ਦੇਸ਼ ਦੀ ਮੁਕੰਮਲ ਅਜ਼ਾਦੀ ਦਾ ਟੀਚਾ ਮਿੱਥਿਆ।

ਇਸ ਲਹਿਰ ਨੇ ਦੇਸ਼ ਤੋਂ ਬਾਹਰਲੇ ਹਿੰਦੀਆਂ ਵਿੱਚ ਦੂਰ ਦੂਰ ਤੱਕ ਦੇਸ਼ ਭਗਤੀ ਦਾ ਜਜ਼ਬਾ ਜਗਾਇਆ। ਇਸ ਦੇ ਜੋਧਿਆਂ ਨੇ ਪਿਸ਼ਾਵਰ ਤੋਂ ਬਨਾਰਸ ਤੱਕ ਦੀਆਂ ਛਾਉਣੀਆਂ ਵਿਚ ਫੌਜੀ ਜਵਾਨਾਂ ਨਾਲ ਨਾਤਾ ਜੋੜਿਆ ਅਤੇ ਬਗਾਵਤ ਕਰਨ ਦੇ ਜਤਨ ਕੀਤੇ, ਜੋ ਸਫ਼ਲ ਨਾ ਹੋਏ। ਉਹਨਾਂ ਵਿਚ ਘਾਟ ਨਾ ਬੀਰਤਾ ਦੀ ਸੀ, ਨਾ ਉਦਮ ਦੀ, ਨਾ ਸਿਰੜ ਦੀ। ਉਹਨਾਂ ਹਥਿਆਰ ਕਲਕੱਤੇ ਤੋਂ ਲੈ ਕੇ ਪਿਸ਼ਾਵਰ ਤੋਂ ਪਰੇ ਦੇ ਅਫਰੀਕੀਆਂ ਪਾਸੋਂ ਖ਼ਰੀਦੇ। ਵੱਡਾ ਖ਼ਤਰਾ ਸਹੇੜ ਕੇ ਕਈ ਛਾਉਣੀਆਂ ਦੇ ਫੌਜੀਆਂ ਨਾਲ ਸੰਬੰਧ ਜੋੜੇ ਪਰ ਉਹ ਸਫ਼ਲ ਨਾ ਹੋ ਸਕੇ।

ਉਪਰੰਤ ਉਹਨਾਂ ਨੇ ਸੋਵੀਅਤ ਇਨਕਲਾਬ ਪਿੱਛੋਂ ਲੈਨਿਨ ਨਾਲ ਨਾਤਾ ਜੋੜਿਆ, ਇਨਕਲਾਬੀ ਸਿੱਖਿਆ ਲਈ ਆਪਣੇ ਸਾਥੀ ਮਾਸਕੋ ਭੇਜੇ। ਦੇਸ਼ ਅੰਦਰ ਖੱਬੇ-ਪੱਖੀ ਵਿਚਾਰਾਂ ਦਾ ਪਸਾਰ ਕੀਤਾ ਅਤੇ ਲੰਮੀਆਂ ਉਮਰ ਕੈਦਾਂ ਭੁਗਤਣ ਪਿੱਛੋਂ, ਕਿਰਤੀਆਂ ਕਿਸਾਨਾਂ ਨੂੰ ਜੱਥੇਬੰਦ ਕਰਨ ਦੇ ਸਰਗਰਮ ਉੱਦਮ ਕੀਤੇ। ਬਾਬਾ ਸੋਹਣ ਸਿੰਘ ਭਕਨਾ ਕੁਲ ਹਿੰਦ ਕਿਸਾਨ ਸਭਾ ਦੇ ਪਰਧਾਨ ਬਣੇ।

ਅਜ਼ਾਦੀ ਉਪਰੰਤ ਬਾਬਾ ਅਰੂੜ ਸਿੰਘ ਚੂਹੜਚੱਕ ਬਾਬਾ ਨਿਧਾਨ ਸਿੰਘ ਮਹੇਸਰੀ, ਬਾਬਾ ਬਚਨ ਸਿੰਘ ਘੋਲੀਆ, ਕਾਮਰੇਡ ਅੱਛਰ ਸਿੰਘ ਛੀਨਾ, ਪੰਡਤ ਜਗਤ ਰਾਮ ਹਰਿਆਣਵੀ ਤੇ ਕਾਮਰੇਡ ਸੁਤੰਤਰ ਤਾਂ ਪਾਰਲੀਮੈਂਟ ਦੇ ਮੈਂਬਰ ਵੀ ਬਣੇ। ਬਾਬਾ ਗੁਰਮੁਖ ਸਿੰਘ ਨੇ ਦੇਸ਼ ਭਗਤ ਯਾਦਗਾਰ ਬਣਾਉਣ ਵਿੱਚ ਤੇ ਬਾਬਾ ਭਗਤ ਸਿੰਘ ਬਿਲਗਾ ਨੇ ਉਸ ਨੂੰ ਚਲਾਉਣ ਵਿਚ (ਉਹ ਅੱਜ ਵੀ ਜਨਰਲ ਸਕੱਤਰ ਹਨ) ਅਹਿਮ ਰੋਲ ਅਦਾ ਕੀਤਾ। ਬਾਬਾ ਪਿਰਥੀ ਸਿੰਘ ਲਾਲੜੂ ਖੇਡ ਸੰਸਾਰ ਵਿਚ ਵੀ ਚਮਕੇ ਤੇ ਹੋਰ ਬਾਬੇ ਵੀ ਉੱਘੇ ਆਗੂ ਬਣੇ।